ਸਤਿਗੁਰੂ ਲੀਲ੍ਹਾ



ਸਤਿਗੁਰੂ ਜਗਜੀਤ ਸਿੰਘ ਜੀ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ਤੇਰਾ ਮੁਖ ਸੁਹਾਵਾ ਜੀਉ



ਸਤਿਗੁਰੂ ਜਗਜੀਤ ਸਿੰਘ ਜੀ

ਗਉੜੀ ਬਾਵਨ ਅਖਰੀ ਮਹਲਾ ੫

ਸਲੋਕ

ਗੁਰਦੇਵ ਮਾਤਾ ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸੁਰਾ॥
ਗੁਰਦੇਵ ਸਖਾ ਅਗਿਆਨ ਭੰਜਨੁ
ਗੁਰਦੇਵ ਬੰਧਿਪ ਸਹੋਦਰਾ॥
ਗੁਰਦੇਵ ਦਾਤਾ ਹਰਿਨਾਮੁ ਉਪਦੇਸੈ
ਗੁਰਦੇਵ ਮੰਤੁ ਨਿਰੋਧਰਾ॥
ਗੁਰਦੇਵ ਸਾਂਤ ਸਤਿ ਬੁਧਿ ਮੂਰਤਿ
ਗੁਰਦੇਵ ਪਾਰਸ ਪਰਸ ਪਰਾ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ
ਗੁਰ ਗਿਆਨ ਮਜਨੁ ਅਪਰੰਪਰਾ॥
ਗੁਰਦੇਵ ਕਰਤਾ ਸਭ ਪਾਪ ਹਰਤਾ
ਗੁਰਦੇਵ ਪਤਿਤ ਪਵਿਤ ਕਰਾ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ
ਗੁਰਦੇਵ ਮੰਤੁ ਹਰਿ ਜਪਿ ਉਧਰਾ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ
ਹਮ ਮੂੜ ਪਾਪੀ ਜਿਤੁ ਲਗਿ ਤਰਾ॥
ਗੁਰਦੇਵ ਸਤਿਗੁਰੁ ਪਾਰਬ੍ਰਹਮ ਪਰਮੇਸੁਰ
ਗੁਰਦੇਵ ਨਾਨਕ ਹਰਿ ਨਮਸਕਰਾ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ-ਪੰਨਾ ੨੫੦

ਸ੍ਰੀ ਸਤਿਗੁਰੂ
ਜਗਜੀਤ ਸਿੰਘ ਜੀ
ਦੇ
ਗੁਰਗੱਦੀ ਦੇ
50ਵੇਂ
ਸੁਭਾਗ ਵਰ੍ਹੇ ਤੇ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭੁਲੇ ਸੁ ਛਡੁ ਨਿਰੰਜਨੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

1959 50ਵਾਂ 2009

ਗੌਰਵਮਈ ਗੁਰਗੱਦੀ ਵਰ੍ਹਾ

ਸਤਿਗੁਰੂ ਲੀਲ੍ਹਾ

ਜਥੇਦਾਰ ਜੋਗਾ ਸਿੰਘ

ਸਤਿਗੁਰੂ ਲੀਲ੍ਹਾ

ਜਥੇਦਾਰ ਜੋਗਾ ਸਿੰਘ

Satgur Leelah

Jathedar Joga Singh

ਪਹਿਲੀ ਵਾਰ		1100 ਕਾਪੀਆਂ
ਕੀਮਤ	:	ਮੁਫਤ
ਪ੍ਰਕਾਸ਼ਕ	:	ਜੱਥੇਦਾਰ ਜੋਗਾ ਸਿੰਘ, 916 ਬਾਬਾ ਈਸ਼ਰ ਸਿੰਘ ਨਗਰ, ਧੀਣਾ, ਜਲੰਧਰ ਕੈਂਟ (ਪੰਜਾਬ)। ਮੋ. 09256-891569
ਟਾਈਟਲ	:	ਵਾਈਟ ਕ੍ਰਾਸ ਪ੍ਰਿੰਟਿਰਜ਼
ਛਾਪਕ	:	ਵਾਈਟ ਕ੍ਰਾਸ ਪ੍ਰਿੰਟਿਰਜ਼, ਜਲੰਧਰ।

ਤਤਕਰਾ

ਭੂਮਿਕਾ .... ੳ

ਕੁੱਝ ਆਪਣੇ ਵੱਲੋਂ .... ਵ

ਸਾਖੀਆਂ

1. ਸਦੁ ਹਜੂਰਿ ਹਾਜਰਿ ਹੈ ਨਾਜਰੁ 1
2. ਜੋਤਿ ਊਹਾ ਜੁਗਤਿ ਸਾਇ 3
3. ਤੂ ਬੇਅੰਤੁ ਸਰਬ ਕਲ ਪੂਰਾ 4
4. ਅਪਨੇ ਸੇਵਕ ਕਉ ਆਪਿ ਸਹਾਈ 5
5. ਜਿਹ ਕੌ ਅਮਿਤੋਜ ਸਭੈ ਜਗ ਛਾਇਓ 7
6. ਅਰਦਾਸ ਸੁਣੀ ਦਾਤਾਰ ਪ੍ਰਭੁ 9
7. ਦੂਧ ਪੂਤ ਕੇ ਦਿਵਯਾ 10
8. ਹਉ ਆਕਲ ਬਿਕਲ ਭਈ ਗੁਰ ਦੇਖੇ 13
9. ਮੇਰੀ ਮਤਿ ਬੌਰੀ ਰਾਮ 15
10. ਅਨਦ ਬਿਨੋਦੀ ਖਸਮ ਹਮਾਰਾ 17
11. ਕਹੂੰ ਸਾਧਨਾ ਕਰਤ ਹੋ 18
12. ਗੁਰ ਮਿਲਿ ਅਚੁ ਆਚਾਰੁ ਸਿਖੁ 19
13. ਅੰਤਰਜਾਮੀ ਪੁਰਖ ਸੁਆਮੀ 20
14. ਤੂ ਭਗਤਾ ਕੈ ਵਸਿ 21
15. ਕਬਹੂੰ ਸੁਚੇਤ ਹੁਇ ਕੈ 23
16. ਮੋਹੀ ਦੇਖਿ ਦਰਸੁ 24
17. ਕਾਹੇ ਕੋ ਡੋਲਤ ਹੈ ਤੁਮਰੀ ਸੁਧ 25
18. ਸਦਾ ਅੰਗ ਸੰਗੇ 26
19. ਜਨਮ ਜਨਮ ਕੀ ਸੋਈ ਜਾਗੀ 29
20. ਜਮ ਤੇ ਰਾਖੈ ਦੇ ਕਰਿ ਹਾਥ 31
21. ਮਿਹਰਵਾਨੁ ਸਾਹਿਬ ਮਿਹਰਵਾਨੁ 33
22. ਨਾਨਕ ਤਿਨ ਕਉ ਸਤਿਗੁਰੁ ਮਿਲਿਆ 34
23. ਸਰਬ ਉਧਾਰਣ ਹੈਂ 35
24. ਦੀਨ ਦਇਆਲ ਦੁਖ ਭੰਜਨੋ 36
25. ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ 37
26. ਚਰਣ ਕਮਲ ਤੇਰੇ ਧੋਇ ਧੋਇ ਪੀਵਾ 38

27. ਅੰਤਰਜਾਮੀ ਸਭ ਕਿਛੁ ਜਾਨੈ 39
28. ਸਤਿਗੁਰ ਗਹਿਰ ਗੰਭੀਰ ਹੈ 41
29. ਗੁਰ ਕਾ ਸਿਖ ਬਿਕਾਰ ਤੇ ਹਾਟੈ 42
30. ਸਭ ਬਿਧਿ ਜਾਕੈ ਹਾਥਿ 43
31. ਦੁਇ ਕਰ ਜੋੜਿ ਕਰੀ ਬੇਨੰਤੀ 44
32. ਹਰਿ ਕੀਆ ਕਥਾ ਕਹਾਣੀਆ 45
33. ਮੈ ਬਉਰੀ ਮੇਰਾ ਰਾਮੁ ਭਤਾਰੁ 47
34. ਇਕਨਾ ਵਡੀ ਅਰਜਾ 48
35. ਤੂ ਦਾਤਾ ਸਭਨਾ ਜੀਆ ਕਾ 49
36. ਭਾਵਨੀ ਭਗਤਿ ਭਾਇ 50
37. ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ 51
38. ਹਰਿ ਅੰਮ੍ਰਿਤ ਸਜਣੁ ਮੇਰਾ 52
39. ਤਾਪੁ ਲਾਹਿਆ ਗੁਰ ਸਿਰਜਨਹਾਰਿ 53
40. ਬਿਘਨ ਬਿਨਾਸਨ ਸਭਿ ਦੁਖ ਨਾਸਨ 54
41. ਜੋੜ ਭੁਜੰਗ ਸਭੇ ਸਿਰ ਨਿਆਵੈ 55
42. ਭਗਤਿ ਵਛਲ ਸਦਾ ਕਿਰਪਾਲ 56
43. ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ 57
44. ਝੂਠਾ ਮਦ ਮੂਲਿ ਨਾ ਪੀਚਈ 59
45. ਸਤਿਗੁਰ ਆਇਓ ਸਰਣਿ ਤੁਹਾਰੀ 60
46. ਗੁਰ ਪੂਰਾ ਨਿਰਵੈਰ ਹੈ 61
47. ਇਕ ਨਿਮਖ ਪੇਖਿ ਦ੍ਰਿਸਟਾਨਾਂ 63
48. ਤੂ ਦਾਤਾ ਦਾਤਾਰ 64
49. ਹਰਿ ਪ੍ਰਭੁ ਠਾਕੁਰਿ ਕਾਜੁ ਰਚਾਇਆ 65
50. ਆਦਿ ਅੰਤ ਨ ਮੱਧ ਜਾ ਕੋ 67

ਗੁਰ ਕੀ ਮੂਰਤਿ ਮਨ ਮਹਿ ਧਿਆਨੁ 68
ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ 69
ਦਸਤਾਵੇਜ਼ ਅਤੇ ਤਸਵੀਰਾਂ .... I ਤੋਂ XII

ਭੂਮਿਕਾ

ਗੁਰੂ-ਜੋਗਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ-ਨਸ਼ੀਨੀ ਦੇ ਪੰਜਾਹ ਵਰ੍ਹੇ ਪੂਰੇ ਹੋਣ ਤੇ ਜਥੇਦਾਰ ਜੋਗਾ ਸਿੰਘ ਜੀ ਵਲੋਂ ਪੰਜਾਹ ਸਾਖੀਆਂ ਦੇ ਸੰਗ੍ਰਹਿ ਦਾ ਕਿਤਾਬਚਾ ਇਕ ਸ਼ਲਾਘਾਯੋਗ ਉੱਦਮ ਹੈ। ਬੇਸ਼ਕ ਇਹ ਕਿਤਾਬਚਾ ਆਕਾਰ ਦੇ ਪੱਖੋਂ ਛੋਟਾ ਹੈ ਪਰ ਵਿਸ਼ੇ-ਵਸਤੂ, ਸਰਲ ਤੇ ਸਪੱਸ਼ਟ ਰੌਚਕ ਸ਼ੈਲੀ ਅਤੇ ਤੱਥ-ਭਰਪੂਰ ਪੇਸ਼ਕਾਰੀ ਕਰਕੇ ਵਿਲੱਖਣ ਹੈ। ਇਨ੍ਹਾਂ ਵਿਚੋਂ ਬਹੁਤੀਆਂ ਕਥਾਵਾਂ ਲੇਖਕ ਦੀਆਂ ਆਪਣੇ ਜੀਵਨ ਵਿਚ ਗੁਰੂ ਚਰਨਾਂ ਵਿਚ ਮਾਣੇ ਨਿੱਘੇ ਪਲਾਂ ਦੀਆਂ ਯਾਦਾਂ ਹਨ ਜਿਨ੍ਹਾਂ ਵਿਚ ਪ੍ਰੇਮ ਦੀ ਮਹਿਕ ਹੈ, ਸਿੱਖੀ-ਸਿਦਕ ਦੀ ਆਸਥਾ ਹੈ, ਵਸਲ ਦਾ ਰਸ ਹੈ ਅਤੇ ਗੁਰੂ-ਬਖਸ਼ਿਸ਼ ਦਾ ਵਲ ਹੈ। ਲੇਖਕ ਨੇ 'ਜੈਸਾ ਸਤਿਗੁਰ ਸੁਣੀਦਾ'—ਉਸਤਤ੍ਹਾਂ ਦਾ ਕੇਵਲ ਡਿੱਠਾ ਹੀ ਨਹੀਂ, ਉਸਦੀਆਂ ਰਹਿਮਤਾਂ ਦਾ ਅਨੰਦ ਮਾਣਿਆ ਹੈ। ਜਥੇਦਾਰ ਜੋਗਾ ਸਿੰਘ ਜਿਥੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀਆਂ ਅਪਾਰ-ਬਖਸ਼ਿਸ਼ਾਂ ਦੇ ਪਾਤਰ ਹਨ ਉਥੇ ਗੁਰਸਿੱਖੀ ਆਸਥਾ ਅਤੇ ਪ੍ਰਤੀਬੱਧਤਾ ਦੀ ਮਿਸਾਲ ਹਨ। ਪ੍ਰੇਰਣਾ ਦਾ ਸ੍ਰੋਤ ਹਨ।

ਗੁਰੂ ਅਤੇ ਸਿੱਖ ਦਾ ਰਿਸ਼ਤਾ ਹੈ ਹੀ ਦੁਨੀਆਂ ਦੇ ਸਭ ਰਿਸ਼ਤਿਆਂ-ਨਾਤਿਆਂ ਤੋਂ ਉੱਚਾ-ਸੁੱਚਾ ਅਤੇ ਪਵਿਤ੍ਰ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ—

ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ।
ਜੈਸੋ ਗੁਰ ਸਿਖ ਸਾਧ ਸੰਗਤ ਕੋ ਨਾਤਾ ਹੈ॥

ਗੁਰੂ ਜੇਡਾ ਮੇਹਰਵਾਨ ਨਾ ਕੋਈ ਦੇਵੀ ਦੇਵਤਾ ਅਤੇ ਨਾ ਹੀ ਮਾਤਾ-ਪਿਤਾ, ਭੈਣ-ਭਾਈ ਆਦਿ।

ਸਤਿਗੁਰੂ ਤੁਲ ਨਾ ਮੇਹਰਵਾਨ ਮਾਤਾ ਪਿਤਾ ਨ ਦੇਵ ਸਬਾਏ।
ਡਿੱਠੇ ਸਭੇ ਠੋਕ ਵਜਾਏ॥

ਕੈਸੀ ਅਨੂਠੀ ਮਿਸਾਲ ਹੈ-ਸਮਰਪਣ ਅਤੇ ਕੁਰਬਾਨੀ ਦੀ, ਪ੍ਰੇਮ ਅਤੇ ਵਿਸ਼ਵਾਸ ਦੀ।

ਜਉ ਤਉ ਪ੍ਰੇਮ ਖੇਲਨ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ॥

ਜੇ ਗੁਰੂ ਭਰੇ ਦੀਵਾਨ ਵਿਚ ਨੰਗੀ ਤਲਵਾਰ ਹੱਥ ਵਿਚ ਫੜ੍ਹਕੇ ਸੀਸ ਮੰਗਦਾ ਹੈ ਤਾਂ ਸਿਦਕੀ-ਸਿੱਖ ਪਰਖ ਦੀ ਕਸੌਟੀ ਤੇ ਪੂਰੇ ਉਤਰਦੇ ਹਨ, ਸੀਸ ਭੇਟ ਕਰਦੇ ਹਨ ਅਤੇ ਸ੍ਰੀ ਦਸਮੇਸ਼ ਆਪਣੇ ਚਾਰੇ ਪੁਤ੍ਰ ਸਿੱਖਾਂ ਤੋਂ ਕੁਰਬਾਨ ਕਰਕੇ ਬੜੇ ਸਹਿਜ ਨਾਲ ਆਖਦੇ ਹਨ—

ਇਨ ਪੁਤ੍ਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋਂ ਕਿਆ ਹੂਆ, ਜੀਵਤ ਕਈ ਹਜ਼ਾਰ॥

ਸਿੱਖੀ-ਸਿਦਕ ਦੀਆਂ ਅਨੇਕਾਂ ਮਿਸਾਲਾਂ ਹਨ। ਸਤਿਗੁਰੂ ਰਾਮ ਸਿੰਘ ਜੀ ਮਸਤਾਨਿਆਂ ਦੇ ਜਥੇ ਨੂੰ ਕਸਵੱਟੀ ਤੇ ਪਰਖਦੇ ਹਨ। ਸਾਰਿਆਂ ਦੇ ਮੌਰਾਂ ਤੇ ਡਾਂਗਾ ਪੈਂਦੀਆਂ ਹਨ-ਸਿੱਖਾਂ ਨੇ ਸੀਅ-ਹਾਇ ਤੇ ਕੀ ਆਖਣੀ ਸੀ ਸਗੋਂ ਅਰਜ਼ ਕਰਦੇ ਹਨ-ਸੱਚੇ ਪਾਤਸ਼ਾਹ! ਇਕ ਪਾਸੇ ਦੇ ਪਾਪ ਝੜ ਗਏ ਹਨ ਦੂਜੇ ਪਾਸੇ ਦੇ ਵੀ ਝਾੜ ਦਿਉ। ਜਿੰਨੇ ਦਿਨ ਸਿੱਖਾਂ ਪ੍ਰਸ਼ਾਦਾ ਨਹੀਂ ਛਕਿਆ, ਸਤਿਗੁਰਾਂ ਵੀ ਅੰਨ ਮੂੰਹ ਨਹੀਂ ਲਾਇਆ-ਆਖਦੇ ਹਨ— ਗਲੇ ਵਿਚ ਪੱਤੀਆਂ ਪਈਆਂ ਹਨ। ਸ੍ਰੀ ਵਿਧਾਤਾ ਸਿੰਘ 'ਤੀਰ' ਦੇ ਸ਼ਬਦਾਂ ਵਿਚ—

'ਤੀਰ' ਇਹ ਹੈ ਪਿਆਰ ਦੀ ਉੱਚ ਝਾਕੀ, ਲੇਸ ਏਸ ਵਿਚ ਦੁਨੀਆਂ ਦੇ ਰੰਗਦੀ ਨਹੀਂ।
ਸਿੱਖ ਅੰਨ ਦੇ ਬਿਨਾ ਜੇ ਰਹੇ ਭੁੱਖਾ, ਬੁਰਕੀ ਸਤਿਗੁਰੂ ਦੇ ਮੂੰਹੋਂ ਵੀ ਲੰਘਦੀ ਨਹੀਂ।

ਭਗਤ ਅਤੇ ਭਗਵਾਨ ਦਾ ਨਾਤਾ, ਸਿੱਖ ਅਤੇ ਗੁਰੂ ਦਾ ਰਿਸ਼ਤਾ-ਪ੍ਰੇਮ, ਪ੍ਰਤੀਤ, ਭਾਵਨਾ ਅਤੇ ਭਗਤੀ ਦਾ ਹੀ ਸਬੰਧ ਹੈ। ਭਗਤ ਵੀ ਉਹੋ ਹੈ ਜਿਸਨੂੰ ਭਗਵਾਨ ਦਾ ਆਸਰਾ ਹੈ, ਉਸਦਾ ਹੀ ਤਾਣ ਹੈ। 'ਭਗਤਾਂ ਤਾਣ ਤੇਰਾ।' ਸਿੱਖ ਵੀ ਉਹ ਹੈ ਜੋ ਗੁਰੂ ਜੋਗਾ ਹੀ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਆਪਣੇ ਪਿਤਾ ਨਾਲ ਇਕ ਨੌਜੁਆਨ ਨਤਮਸਤਕ ਹੋਇਆ। ਸਾਹਿਬਾਂ ਪੁਛਿਆ....

ਸਤਿਗੁਰੂ ਲੀਲ੍ਹ (ੳ)

'ਕਾਕਾ ਤੇਰਾ ਨਾਂ ਕੀ ਹੈ?'

"ਸੱਚੇ ਪਾਤਸ਼ਾਹ— ਮੇਰਾ ਨਾਂ ਹੈ 'ਜੋਗਾ'।"

'ਕਿਹਦੇ ਜੋਗਾ?' ਸ੍ਰੀ ਦਸਮੇਸ਼ ਨੇ ਮੁਸਕਰਾਉਂਦਿਆਂ ਪੁੱਛਿਆ।

'ਗ੍ਰੀਬ ਨਿਵਾਜ, ਗੁਰੂ ਜੋਗਾ।' ਨੌਜੁਆਨ ਨੇ ਭੋਲੇ-ਭਾਅ ਹੀ ਅਰਜ਼ ਕਰ ਦਿੱਤੀ।

'ਜੇ ਤੂੰ ਗੁਰੂ ਜੋਗਾ ਤੇ ਫਿਰ ਗੁਰੂ ਤੇਰੇ ਜੋਗਾ।' ਸਾਹਿਬਾਂ ਨੇ ਇਕਦਮ ਗੰਭੀਰ ਹੁੰਦਿਆਂ ਬਚਨ ਦੇ ਦਿੱਤਾ।

ਗੁਰੂ ਅਤੇ ਸਿੱਖ ਦੇ ਨਾਤੇ ਦੀ ਏਹੋ ਵਿਆਖਿਆ ਹੈ-ਜੋ ਗੁਰੂ ਜੋਗਾ ਹੋ ਗਿਆ, ਗੁਰੂ ਉਹਦੇ ਜੋਗਾ ਹੋ ਗਿਆ ਅਤੇ ਜੋ ਗੁਰੂ ਨੂੰ ਸਮਰਪਿਤ ਹੋ ਗਿਆ, ਸਾਰਾ ਸੰਸਾਰ ਉਸਦਾ ਹੋ ਗਿਆ-

ਜੇ ਤੂ ਮੇਰਾ ਹੋਇ ਰਹੇਂ, ਸਭ ਜਗ ਤੇਰਾ ਹੋਇ॥

ਇਕ ਜੋਗਾ ਸਿੰਘ ਸੀ ਦਸਮ ਪਾਤਸ਼ਾਹ ਵੇਲੇ ਜਿਸਨੂੰ ਦਿੱਤਾ ਵਚਨ ਗੁਰੂ ਨੇ ਨਿਭਾਇਆ ਵੀ-ਗੁਰੂ ਸਿੱਖ ਜੋਗਾ ਹੋ ਕੇ ਰਿਹਾ। ਸ਼ਾਇਦ ਜੋਗਾ ਸਿੰਘ ਨੇ ਵੀ ਇਹ ਵਰ ਮੰਗਿਆ ਹੋਵੇ ਕਿ ਸੱਚੇ ਪਾਤਸ਼ਾਹ ਮੈਂ ਹਰ ਜਨਮ ਵਿਚ ਗੁਰੂ ਜੋਗਾ ਹੀ ਹੋਵਾਂ-ਮੇਰਾ ਹਰ ਜਨਮ ਤੁਹਾਡੇ ਲੇਖੇ ਲੱਗੇ ਅਤੇ ਤੁਸੀਂ ਹਮੇਸ਼ਾਂ ਮੇਰੇ ਅੰਗ-ਸੰਗ ਹੋਵੋ। ਪਾਤਸ਼ਾਹ ਨੇ ਸਿੱਖ ਦੀ ਅਰਦਾਸ ਪ੍ਰਵਾਨ ਕੀਤੀ ਹੋਵੇ-ਅਤੇ ਹੁਣ ਹੈ ਜਥੇਦਾਰ ਜੋਗਾ ਸਿੰਘ-ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦਾ ਪਾਤਰ, ਜਿਸਦੇ ਜੀਵਨ ਵਿਚ ਕਈ ਔਖੀਆਂ ਘੜੀਆਂ ਆਈਆਂ। ਸਤਿਗੁਰੂ ਹਮੇਸ਼ਾਂ ਸਹਾਈ ਹੋਏ-'ਕਢਿ ਲਏ ਅੰਤੀ ਵਾਰ' ਦੀ ਤੁਕ ਅਨੁਸਾਰ ਕਿਰਪਾ ਹੁੰਦੀ ਰਹੀ।

ਜਥੇਦਾਰ ਜੋਗਾ ਸਿੰਘ ਜੀ ਦਾ ਜਨਮ ੬ ਅਕਤੂਬਰ ੧੯੪੮ ਨੂੰ ਪਿੰਡ ਗੜ੍ਹਪਧਾਣਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਉਸ ਵੇਲੇ ਜਲੰਧਰ) ਵਿਖੇ ਪਿਤਾ ਸੰਤ ਕਰਤਾਰ ਸਿੰਘ ਅਤੇ ਮਾਤਾ ਧੰਨ ਕੌਰ ਦੇ ਗ੍ਰਿਹ ਵਿਖੇ ਹੋਇਆ। ਇਨ੍ਹਾਂ ਦੇ ਦਾਦਾ ਸੰਤ ਵਰਿਆਮ ਸਿੰਘ ਜੀ, ਸਰਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਨਾਮਧਾਰੀ ਬਣੇ। ਜੀਵਨ ਭਰ ਗੁਰੂ ਜੱਸ ਕਰਦੇ ਰਹੇ-ਹੱਲੇ ਦੇ ਦੀਵਾਨ ਲਗਾਉਂਦੇ। ਜਥੇਦਾਰ ਜੋਗਾ ਸਿੰਘ ਜੀ ਦੀ ਦਾਦੀ 'ਮਾਤਾ ਪੁੰਨਾ, ਨੇ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ ਹੋਏ ਸਨ। ਆਪਦੇ ਤਾਇਆ ਜਥੇਦਾਰ ਗੁਰਬਚਨ ਸਿੰਘ, ਚਾਚੇ ਜਥੇਦਾਰ ਪੂਰਨ ਸਿੰਘ ਅਤੇ ਸੰਤ ਸੋਹਣ ਸਿੰਘ ਸਨ।—ਸੰਤ ਸੋਹਣ ਸਿੰਘ ਵਾਰੇ ਵਿਚ ਵਾਜਾ ਵਜਾਇਆ ਕਰਦੇ ਅਤੇ ਸ਼ਬਦ ਪੜ੍ਹਿਆ ਕਰਦੇ ਸਨ। ਅਜੇਹੇ ਗੁਰਮੁਖੀ ਵਾਤਾਵਰਣ ਵਿਚ ਪਲੇ, ਪੜ੍ਹੇ ਅਤੇ ਜਵਾਨ ਹੋਏ ਜਥੇਦਾਰ ਜੋਗਾ ਸਿੰਘ ਜੀ ਸੰਨ 1966 'ਚ ਹਾਇਰ ਸੈਕੰਡਰੀ ਪਾਸ ਕਰਕੇ ਮਿਲਟਰੀ ਵਿਚ ਭਰਤੀ ਹੋ ਗਏ। 23 ਵਰ੍ਹੇ ਫੌਜ ਵਿਚ ਸਰਵਿਸ ਕੀਤੀ। ਉਥੇ ਰਹਿ ਕੇ ਵੀ ਸਿੱਖੀ-ਸਰੂਪ ਅਤੇ ਮਰਿਯਾਦਾ ਵਿਚ ਦ੍ਰਿੜ ਰਹੇ। ਪਰ ਜੋ ਗੁਰੂ-ਜਸ ਕਰਨ ਦਾ ਸ਼ੌਕ ਵਿਰਸੇ ਵਿਚ ਲੱਗਾ ਸੀ ਉਸਨੂੰ ਅੱਜ ਵੀ ਨਿਭਾ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਦੀਵਾਨ ਲਗਾ ਕੇ ਜਥੇਦਾਰੀ ਪ੍ਰਵਾਨ ਹੋਈ। ਹੱਲੇ ਦੇ ਕੀਰਤਨ ਦੁਆਰਾ ਗੁਰੂ-ਜੱਸ ਕਰਨ ਦੇ ਨਾਲ-ਨਾਲ, ਸਤਿਗੁਰੂ-ਸਾਖੀਆਂ ਨੂੰ ਲਿਖਤੀ ਰੂਪ ਵਿਚ ਪ੍ਰਚਾਰਨ ਦਾ ਆਪ ਦਾ ਉੱਦਮ ਨਿਵੇਕਲਾ ਹੈ। ਜਥੇਦਾਰ ਜੀ ਦੀ ਵਾਰਤਕ ਬੜੀ ਸਰਲ, ਸਪੱਸ਼ਟ ਅਤੇ ਤੱਥ ਭਰਪੂਰ ਹੈ। ਤਾਰੀਖਾਂ, ਨਾਵਾਂ ਅਤੇ ਥਾਵਾਂ ਦੇ ਵੇਰਵਿਆਂ ਨਾਲ ਹਸਤ-ਲਿਖਤਾਂ, ਤਸਵੀਰਾਂ ਅਤੇ ਸਬੰਧਿਤ ਦਸਤਾਵੇਜ਼ ਹਨ ਜਿਨਾਂ ਕਰਕੇ ਇਹ ਇਕ ਪ੍ਰਮਾਣੀਕ ਸਾਖੀ ਸੰਗ੍ਰਹਿ ਬਣ ਗਿਆ ਹੈ। ਸਤਿਗੁਰੂ ਸਚੇ ਪਾਤਸ਼ਾਹ ਕਿਰਪਾ ਕਰਨ, ਜਥੇਦਾਰ ਜੋਗਾ ਸਿੰਘ ਜੀ ਗੁਰੂ-ਜੱਸ ਲਿਖਣ ਦਾ ਪੁੰਨ-ਕਰਮ ਜਾਰੀ ਰੱਖਣ ਤਾਂਕਿ ਪਾਠਕ ਸਤਿਗੁਰੂ-ਸਾਖੀਆਂ ਪੜ੍ਹਕੇ 'ਲੋਕ ਸੁਖੀ ਪਲੋਕ ਸੁਹੇਲੇ' ਦੀ ਅਵਸਥਾ ਨੂੰ ਪ੍ਰਾਪਤ ਕਰ ਸਕਣ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਹਜ਼ੂਰੀ ਸੇਵਕ
—ਹਰਪਾਲ ਸਿੰਘ, ਸ੍ਰੀ ਭੈਣੀ ਸਾਹਿਬ

ਬੇਅੰਤ ਅੰਤੁ ਨ ਜਾਇ ਪਾਇਆ

ਜਦੋਂ ਤੋਂ ਸੰਸਾਰ ਦੀ ਉਤਪਤੀ ਹੋਈ ਹੈ, ਸੰਸਾਰੀ ਜੀਵਾਂ ਨੂੰ ਸੱਚ ਦਾ ਉਪਦੇਸ਼ ਦੇ ਕੇ ਪ੍ਰਭੂ ਭਗਤੀ ਨਾਲ ਜੋੜਨ ਲਈ ਸਤਿਗੁਰੂ ਦੀ ਲੋੜ ਬਣੀ ਰਹੀ ਹੈ ਅਤੇ ਬਣੀ ਰਹੇਗੀ। ਇਹ ਵੀ ਸਚਾਈ ਹੈ ਕਿ ਸਤਿਗੁਰੂ, ਨਿਰੰਕਾਰ ਸ਼ਕਤੀ ਦਾ ਦੇਹਧਾਰੀ ਸਰੂਪ ਹੁੰਦਾ ਹੈ।

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜ੍ਹੀ ਗੁਰੂ ਚਲੰਦੀ।

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੭੯

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੪੬੬

ਰੋਮ ਰੋਮ ਕੋਟ ਬ੍ਰਹਮਾਂਡ ਕੋ ਨਿਵਾਸ ਜਾਸ,
ਮਾਨਸ ਅਵਤਾਰ ਧਾਰ ਦਰਸ ਦਿਖਾਏ ਹੈ।
ਜਾ ਕੇ ਓਅੰਕਾਰ ਕੇ ਆਕਾਰ ਹੈ ਨਾਨਾ ਪ੍ਰਕਾਰ,
ਸ੍ਰੀ ਮੁਖ ਸਬਦ ਗੁਰ ਸਿਖਨ ਸੁਨਾਏ ਹੈਂ।

ਕਬਿਤ ਸ੍ਵੈਯੇ-ਭਾਈ ਗੁਰਦਾਸ ਜੀ

ਸਮੇਂ ਸਮੇਂ ਅਨੁਸਾਰ ਸਤਿਗੁਰੂ ਜੀ ਆਪਣੀ ਲੀਲ੍ਹਾ ਰਚਦੇ ਨੇ, ਕੌਤਕ ਕਰਦੇ ਨੇ। ਪਰ ਉਹਨਾਂ ਦੇ ਚਮਤਕਾਰਾਂ ਨੂੰ ਸਮਝਣਾ ਮਨੁੱਖੀ ਸੋਚ ਤੋਂ ਪਰੇ ਦੀ ਗੱਲ ਹੈ। ਕਦੇ ਉਹ ਬਾਵਨ ਰੂਪ ਧਾਰ, ਬਲ ਰਾਜੇ ਨੂੰ ਛਲਦੇ ਨੇ, ਕਦੇ ਭਗਵਾਨ ਰਾਮ ਚੰਦਰ ਜੀ ਦਾ ਰੂਪ ਧਾਰਕੇ ਪੱਥਰ ਹੋਈ ਅਹੱਲਿਆ ਦਾ ਉਧਾਰ ਕਰਦੇ ਨੇ, ਕਦੇ ਭਗਵਾਨ ਕ੍ਰਿਸ਼ਨ ਜੀ ਬਣ ਕੁੱਬਜਾ ਦਾ ਕੁੱਬ ਸਿੱਧਾ ਕਰ ਦੇਂਦੇ ਨੇ, ਕਦੇ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਬਣ ਤੇਲ ਕੜ੍ਹਦੇ ਕੜਾਹੇ ਨੂੰ ਸੀਤਲ ਕਰ, ਮਰਦਾਨੇ ਦੀ ਜਾਨ ਬਚਾਅ, ਕੌਡੇ ਰਾਕਸ਼ ਨੂੰ ਸਿੱਧੇ ਰਸਤੇ ਤੋਰਦੇ ਨੇ, ਕਦੇ ਦਸਮ ਸਰੂਪ ਵੇਲੇ ਪੰਜ ਸਿੱਖਾਂ ਦੇ ਸਿਰ ਧੜ੍ਹਾਂ ਤੋਂ ਅਲੱਗ ਕਰਕੇ, ਆਪਸੀ ਬਦਲਕੇ, ਫਿਰ ਜੋੜ ਦੇਂਦੇ ਨੇ, ਕਦੇ ਬਾਰ੍ਹਵੀਂ ਜੋਤ ਸਤਿਗੁਰੂ ਰਾਮ ਸਿੰਘ ਹੋ ਕੇ ਭਾਈ ਰਾਇ ਸਿੰਘ ਦੀ ਸ਼ੇਰ ਤੋਂ ਤਤਕਾਲ ਰੱਖਿਆ ਕਰਦੇ ਨੇ ਅਤੇ ਸ਼ੇਰ ਦਾ ਉਧਾਰ ਕਰਦੇ ਹਨ, ਕਦੇ ਸਤਿਗੁਰੂ ਹਰੀ ਸਿੰਘ ਦੇ ਰੂਪ 'ਚ ਪਉਏ ਪਹਿਨੇ ਰਤਨ ਸਿੰਘ ਦੀ ਪਿੱਠ ਤੇ ਚਰਨ ਧਰ ਉਸਦਾ ਹਲਕ ਦੂਰ ਕਰਦੇ ਨੇ, ਕਦੇ ਸਤਿਗੁਰੂ

ਪ੍ਰਤਾਪ ਸਿੰਘ ਅੰਤਰਜਾਮੀ ਹੋ ਕੇ, ਘੋੜਿਆਂ ਦੀ ਰੇਸ ਵਿਚੇ ਛੱਡ, ਮਾਤਾ ਦਾਨੀ ਦੇ ਅਖੰਡ ਪਾਠ ਭੋਗ ਤੇ ਦਰਸ਼ਨ ਦੇਂਦੇ ਹਨ। ਇਹ ਸਿਰਫ਼ ਟੂਕ ਮਾਤਰ ਕਰਿਸ਼ਮੇ ਲਿਖੇ ਹਨ।

ਇਸੇ ਗੁਰੂ ਪ੍ਰੰਪਰਾ ਦੀ ਜਾਗਦੀ ਜੋਤ, ਸਰਬ ਕਲਾ ਸਮਰਥ, ਸਤਿਗੁਰੂ ਜਗਜੀਤ ਸਿੰਘ ਜੀ ਵਰਤਮਾਨ ਸਮੇਂ ਅੰਦਰ ਕਲਿਜੁਗੀ ਜੀਵਾਂ ਦਾ ਉਧਾਰ ਕਰ ਰਹੇ ਹਨ। ਆਪ ਜੀ ਦੇ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਬਚਨ ਉਚਾਰਨ ਕੀਤੇ ਸਨ—

"ਰਿੱਧੀ ਸਿੱਧੀ ਤਾਂ ਕਮਾਈ ਜਾ ਸਕਦੀ ਹੈ। ਇਹ ਆਮ ਵਿਅਕਤੀ ਵੀ ਕਮਾ ਸਕਦਾ ਹੈ। ਲੇਕਿਨ ਜਿਹੜੀਆਂ ਸ਼ਕਤੀਆਂ ਹੁੰਦੀਆਂ ਹਨ, ਉਹ ਪੂਰਬਲੇ ਕਰਮਾਂ ਨਾਲ ਪ੍ਰਮਾਤਮਾ ਦੁਆਰਾ ਬਖਸ਼ੀਆਂ ਹੁੰਦੀਆਂ ਹਨ। ਸ਼ਕਤੀ ਬਣਾਈ ਨਹੀਂ ਜਾ ਸਕਦੀ। ਵੱਡਾ ਕਾਕਾ ਚੇਤੰਨ ਚਿਤਵਨ ਹੈ....ਇਹ ਕਾਕਾ ਅਲੌਕਿਕ ਸ਼ਕਤੀਆਂ ਦਾ ਮਾਲਕ ਹੈ। ਇਹਦੇ ਸਮੇਂ ਸਿੱਖੀ ਬਹੁਤ ਵਧੇਗੀ। "ਚਿੰਤਨਵਾਨ" ? ਜੋ ਕੁੱਝ ਵੀ ਚਿਤਵੇਗਾ ਅਤੇ ਤੁਰੇ ਜਾਂਦੇ ਕਿਸੇ ਵੱਲ ਹੱਥ ਦਾ ਇਸ਼ਾਰਾ ਵੀ ਕਰ ਦੇਵੇਗਾ, ਉਹ ਪੂਰਾ ਹੋ ਜਾਇਆ ਕਰੇਗਾ।

ਪ੍ਰਕਾਸ਼ ਪੁੰਜ - ਪੰਨਾ ੧੬੨

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰ-ਗੱਦੀ ਤੇ ਸੁਭਾਇਮਾਨ ਹੋਇਆ ਪੰਜਾਹ ਸਾਲ ਦਾ ਸਮਾਂ ਬੀਤ ਗਿਆ ਹੈ। ਆਪ ਜੀ ਦੀ ਛਤਰ ਛਾਇਆ ਹੇਠ ਨਾਮਧਾਰੀ ਪੰਥ ਨੇ ਸਿਖਰਾਂ ਨੂੰ ਛੂਹਿਆ ਹੈ। ਦੇਸ-ਵਿਦੇਸ਼ਾਂ ਦੇ ਦੌਰੇ ਕਰਕੇ, ਆਪ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਸਾਜੀ ਹੋਈ ਰੰਗ-ਬਰੰਗੀ ਫੁੱਲਵਾੜੀ ਅਤੇ ਸੰਸਾਰ ਦੇ ਹੋਰ ਅਣਗਿਣਤ ਪ੍ਰਾਣੀਆਂ 'ਚ ਅਧਿਆਤਮਕਤਾ ਦੀ ਖੁਸ਼ਬੂ ਨੂੰ ਫੈਲਾਇਆ ਹੈ। ਕਵੀ ਪ੍ਰੀਤਮ ਸਿੰਘ ਪੁਸਤਕ "ਸਿਮਰਨ" 'ਚ ਲਿਖਦੇ ਨੇ—

ਇਹ ਹੈ ਸੋਮਾ ਪਿਆਰਾਂ ਦਾ।
ਖਿਮਾ, ਸੀਲਤਾ, ਸੱਚ, ਸੁੱਚ, ਸੰਜਮ, ਘੇਰਾ ਇਹਦੇ ਦਿਦਾਰਾਂ ਦਾ।
ਤਪਤ ਬੁਝੇ ਤਨ ਮਨ ਤੇ ਧਨ ਦੀ, ਪਾ ਝਲਕਾ ਇਕ ਵਾਰਾਂ ਦਾ।
ਦੁੱਖ ਭੁਲਦੇ, ਸੁੱਖ ਸਹਿਜ ਉਪਜਦੇ, ਰਸ ਮਿਲਦਾ ਝੰਨਕਾਰਾਂ ਦਾ।
ਸੂਖਮ, ਕੋਮਲ, ਸਦਾ ਸੁਗੰਧਿਤ, ਮਹਿਰਮ ਦਿਲ ਦੀਆਂ ਤਾਰਾਂ ਦਾ।
ਮਾਨਵਤਾ ਦੇ ਬੂਟੇ ਉਤੇ, ਮਹਿਕਿਆ ਪੁਸ਼ਪ ਬਹਾਰਾਂ ਦਾ।

ਬੰਜਰ ਧਰਤੀ ਨੂੰ ਹਰਿਆਵਲ ਕਰਨਾ, ਸੋਕੇ ਦੀ ਔਖੀ ਘੜੀ ਵੇਲੇ ਇੰਗਲੈਂਡ 'ਚ ਮੀਂਹ ਪੁਆ ਦੇਣਾ, ਅਨੇਕਾਂ ਸੁਦਾਮਿਆਂ ਨੂੰ ਕਾਰਾਂ-ਕੋਠੀਆਂ ਵਾਲੇ ਬਣਾ ਦੇਣਾ,

ਸੰਤਾਨੋ ਹੀਣਿਆਂ ਨੂੰ ਪੁੱਤਰ ਬਖਸ਼ਣੇ, ਅਸਾਧ ਰੋਗੀਆਂ ਨੂੰ ਨਦਰੀ ਨਦਰਿ ਨਿਹਾਲ ਕਰਨਾ, ਰਾਕਸ਼ ਬਿਰਤੀਆਂ ਨੂੰ ਦੇਵਤੇ ਬਣਾ ਦੇਣਾ, ਅਕ੍ਰਿਤਘਣਾ ਦੀ ਪਾਲਣਾ ਕਰਨੀ, ਸੰਕਟ ਸਮੇਂ ਅਰਦਾਸ ਕਰਨ ਵਾਲਿਆਂ ਦੀ ਤਤਕਾਲ ਸਹਾਇਤਾ ਕਰਨੀ, ਆਸ਼ੀਰਵਾਦ ਦੁਆਰਾ ਅਨੇਕਾਂ ਨੂੰ ਉੱਚ ਪੱਦਵੀਆਂ ਤੇ ਬਿਠਾ ਦੇਣਾ, ਸਿੱਖ ਪੰਥ ਦੀ ਏਕਤਾ ਨੂੰ ਮਜ਼ਬੂਤ ਕਰਨਾ; ਨੀਲੀ, ਕਾਲੀ, ਸਫੈਦ, ਪੀਲੀ, ਕੇਸਰੀ ਦਸਤਾਰ ਵਾਲਿਆਂ 'ਚ ਆਪਸੀ ਪਿਆਰ ਤੇ ਮਿਲਵਰਤਣ 'ਚ ਵਾਧਾ ਕਰਨਾ, ਗੁਰਬਾਣੀ ਦਾ ਸ਼ੁਧ ਪਾਠ, ਤੰਤੀ ਸਾਜਾਂ ਨਾਲ ਸ਼ੁਧ ਕੀਰਤਨ ਦੇ ਮਿਆਰ ਨੂੰ ਹੋਰ ਉੱਚਾ ਕਰਨਾ, ਨਾਮ ਸਿਮਰਨ ਦਾ ਪ੍ਰਵਾਹ ਚਲਾਉਣਾ, ਸਿੱਖਾਂ ਨੂੰ ਗੁਰੂ ਦੀ ਰਜ਼ਾ 'ਚ ਰਾਜ਼ੀ ਰਹਿਣ ਦੀ ਜਾਚ ਸਿਖਾਉਣੀ, ਹੋਰ ਅਨੇਕਾਂ ਪੱਖ ਜੋ ਲਿਖਣ ਦੀ ਸਮਰਥਾ ਤੋਂ ਬਾਹਰ ਹਨ, ਸਭ ਆਪ ਜੀ ਦੇ ਤੇਜ ਪ੍ਰਤਾਪ ਦੇ ਕਰਿਸ਼ਮੇ ਹੀ ਤਾਂ ਹਨ।

ਬੇਅੰਤ ਸਤਿਗੁਰੂ ਦੇ ਬੇਅੰਤ ਕੌਤਕ ਹਨ। ਸਰਵੇਖਣ ਕਰਨ ਤੋਂ ਪਤਾ ਲੱਗਦਾ ਹੈ ਕਿ ਜਿਤਨੇ ਕੁ ਨਾਮਧਾਰੀ ਸਿੱਖ ਹਨ, ਇਸ ਤੋਂ ਵੱਧ ਸਤਿਗੁਰੂ ਜੀ ਦੇ ਉਹ ਸ਼ਰਧਾਲੂ ਹਨ ਜੋ ਵੇਖਣ ਵਿਚ ਨਾਮਧਾਰੀ ਪਹਿਰਾਵੇ 'ਚ ਨਜ਼ਰ ਨਹੀਂ ਆਉਂਦੇ। ਜਿਸ ਨਾਲ ਵੀ ਸਤਿਗੁਰੂ ਜੀ ਬਾਰੇ ਚਰਚਾ ਕਰੋ, ਉਹ ਆਖਦਾ ਹੈ ਮੇਰੇ ਤੇ ਬੜੇ ਉਪਕਾਰ ਕੀਤੇ ਨੇ, ਮੇਰੇ ਨਾਲ ਐਨੇ ਕੌਤਕ ਵਰਤਾਏ ਨੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ਾਂ ਵਿਚ ਜ਼ਿਕਰ ਆਉਂਦਾ ਹੈ— "ਜੋ ਕੁਝ ਹੈ ਅਸੀਂ ਦੇਖਣ ਲਗੀਏ, ਕਿਥੋਂ ਤਕ ਅਸੀਂ ਗਿਣ ਸਕੀਏ, ਕਈ ਕਰੋੜਾਂ ਉਮਰਾਂ ਵਿੱਚ ਵੀ ਨਹੀਂ ਜਾਣ ਸਕਦੇ, ਸਤਿਗੁਰੂ ਦੇ ਜੱਸ ਨੂੰ। ਉਨ੍ਹਾਂ ਦੀ ਸਾਖੀ ਵੱਡੀ ਤੋਂ ਵੱਡੀ ਪੰਜ ਸੌ ਸਾਖੀ ਗੁਰੂ ਨਾਨਕ ਦੀ ਲਿਖੀ ਹੈ। ਤਿੰਨ ਸੌ ਪੈਂਠ ਦਿਨ ਤਾਂ ਇਕ ਸਾਲ ਦੇ ਹੋ ਜਾਂਦੇ ਨੇ। ਜਿੰਨੀਆਂ ਕੁ ਬਾਬੇ ਬਾਲੇ ਨੂੰ ਯਾਦ ਆ ਗਈਆਂ ਜਾ ਸੱਜਣਾਂ ਨੇ ਸੁਣਾਈਆਂ, ਲਿਖ ਦਿਤੀਆਂ। ਸੱਤਰ ਸਾਲ ਕੁਛ ਦਿਨ ਗੁਰੂ ਨਾਨਕ ਦੇਵ ਇਸ ਧਰਤੀ ਉੱਤੇ ਰਹੇ ਤੇ ਹੁਣ ਏਨੀਆ ਹੀ ਸਾਖੀਆਂ ਹਨ ? ਪਰ ਜੋ ਕੁਛ ਮਿਲਿਆ ਹੈ, ਸਮੁੰਦਰ ਵਿਚੋਂ ਬੂੰਦ, ਉਹੋ ਹੀ ਸਹੀ।"

ਲਾਲ ਏਹਿ ਰਤਨ–ਭਾਗ–੧ – ਪੰਨਾ ੨੫੬

ਇਸੇ ਤਰ੍ਹਾਂ ਹੁਣ ਤੱਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਕਰਨ ਲਈ ਜੋ ਕੁਝ ਲਿਖਿਆ ਗਿਆ ਹੈ, ਅਧੂਰਾ ਹੈ। ਸਤਿਗੁਰੂ ਜੀ ਦੇ ਵਿਰਾਟ ਸਰੂਪ ਨੂੰ ਕਲਮ ਬੰਦ ਨਹੀਂ ਕੀਤਾ ਜਾ ਸਕਦਾ। ਉਹਨਾਂ ਪ੍ਰਥਾਇ ਹੋਰ ਗ੍ਰੰਥ ਲਿਖਕੇ ਵੀ ਦਾਅਵਾ ਨਹੀਂ

ਕੀਤਾ ਜਾ ਸਕਦਾ ਕਿ ਲਿਖਤ ਸੰਪੂਰਨ ਹੋ ਗਈ ਹੈ।

ਗੁਰ ਕੀ ਮਹਿਮਾ ਬੇਦ ਨ ਜਾਣਹਿ॥ ਤੁਛ ਮਾਤ ਸੁਣਿ ਸੁਣਿ ਵਖਾਣਹਿ॥
ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸ ਸਿਮਰਤ ਮਨ ਸੀਤਲਾਇਣਾ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੧੦੭੯

ਸਤਿਗੁਰੂ ਜੀ ਦੇ ਪੰਜਾਹ ਸਾਲਾ ਗੁਰ-ਗੱਦੀ ਵਿਸ਼ੇਸ਼ ਤੇ ਉਹਨਾਂ ਦੇ ਪੰਜਾਹ ਕੌਤਕ ਹੱਥਲੀ ਪੁਸਤਕ ਰਾਹੀਂ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ। ਆਸ ਹੈ ਪਾਠਕ ਜਨ ਇਹ ਪੁਸਤਕ ਪੜ੍ਹਕੇ ਰੂਹਾਨੀ ਮੰਡਲ ਦੀਆਂ ਉਡਾਰੀਆਂ ਦਾ ਅਨੰਦ ਲੈ ਸਕਣਗੇ। ਪੁਸਤਕ 'ਚ ਰਹਿ ਗਈਆਂ ਊਣਤਾਈਆਂ ਲਈ ਖਿਮਾਂ ਮੰਗਦਾ ਹਾਂ।

ਪਰਮ ਪੂਜਯ ਸਤਿਗੁਰੂ ਜੀ ਦਾ ਜਿੰਨਾ ਵੀ ਸ਼ੁਕਰਾਨਾ ਕੀਤਾ ਜਾਵੇ ਥੋੜ੍ਹਾ ਹੈ, ਜਿਹਨਾਂ ਕ੍ਰਿਪਾ ਕਰਕੇ ਹੱਥਲੀ ਪੁਸਤਕ ਲਿਖਣ ਦੀ ਸੇਵਾ ਅਤੇ ਮਾਣ ਬਖਸ਼ਿਆ ਹੈ। ਸ੍ਰੀ ਭੈਣੀ ਸਾਹਿਬ ਵਿਖੇ, 31 ਅਗਸਤ 2010 ਨੂੰ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਜੀ ਰਾਹੀਂ, ਲੇਖਕ ਨੇ ਜਦੋਂ ਆਪ ਜੀ ਨੂੰ ਪੁਸਤਕ ਛਾਪਣ ਲਈ ਅਰਜ਼ ਕੀਤੀ ਤਾਂ ਕ੍ਰਿਪਾ ਨਿਧਾਨ ਜੀ ਨੇ ਪ੍ਰਵਾਨਗੀ ਦੇ ਦਿੱਤੀ।

ਸੰਤ ਹਰਪਾਲ ਸਿੰਘ ਹਜ਼ੂਰੀ ਸੇਵਕ ਅਤੇ ਸੰਤ ਨਿਸ਼ਾਨ ਸਿੰਘ ਕਥਾਵਾਚਕ ਦਾ ਧੰਨਵਾਦ ਕਰਨਾ ਹੀ ਬਣਦਾ ਹੈ ਜਿਹਨਾਂ ਵੱਡਮੁੱਲੇ ਸੁਝਾਅ ਅਤੇ ਭਰਪੂਰ ਸਹਿਯੋਗ ਦਿਤਾ।

ਸੰਤ ਕਿਰਪਾਲ ਸਿੰਘ ਸੋਹਲ, ਸੰਤ ਕੁਲਦੀਪ ਸਿੰਘ ਸੋਹਲ ਅਤੇ ਸੰਤ ਕਰਤਾਰ ਸਿੰਘ ਅਨੇਜਾ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਹਨਾਂ ਇਸ ਪੁਸਤਕ ਦੀ ਛਪਾਈ ਦੇ ਖਰਚ ਦੀ ਜਿੰਮੇਵਾਰੀ ਲੈ ਕੇ "ਸਤਿਗੁਰੂ ਲੀਲ੍ਹਾ" ਪੁਸਤਕ ਨੂੰ ਪਾਠਕਾਂ ਤੱਕ ਪਹੁੰਚਾਉਣ 'ਚ ਆਪਣਾ ਯੋਗਦਾਨ ਪਾਇਆ ਹੈ।

ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ॥
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੪੫੯

916 ਬਾਬਾ ਈਸ਼ਰ ਸਿੰਘ ਨਗਰ — ਜੋਗਾ ਸਿੰਘ (ਜਥੇਦਾਰ)
ਧੀਣਾ, ਜਲੰਧਰ ਛੌਣੀ - 144005 — ....੧੭ ਭਾਦਰੋਂ ੨੦੬੭
ਪੰਜਾਬ — ....01 ਸਤੰਬਰ 2010

ਸਦਾ ਹਜੂਰਿ ਹਾਜਰਿ ਹੈ ਨਾਜਰੁ

ਕੁਦਰਤ ਦੇ ਰੰਗ ਨਿਆਰੇ ਨੇ। ਕਈ ਵਾਰ ਮਨੁੱਖ ਕੁਝ ਸੋਚਦਾ ਹੈ, ਪਰ ਪ੍ਰਾਪਤ ਨਹੀਂ ਹੁੰਦਾ। ਕਦੇ ਸੋਚਦਾ ਵੀ ਨਹੀਂ, ਪਰ ਸਹਿਜੇ ਹੀ ਮਿਲਾ ਜਾਂਦਾ ਹੈ। ਅਸਚਰਜ ਹੋ ਜਾਂਦਾ ਹੈ।

ਸੰਨ 1964, ਦਿੱਲੀ। ਸੂਰਜ ਦੀ ਰੋਸ਼ਨੀ ਨੇ ਲੋਕਾਂ ਨੂੰ ਚੁਸਤ-ਦਰੁਸਤ ਹੋ ਕੰਮਾਂ ਵਲ ਜਾਣ ਲਈ ਪ੍ਰੇਰਿਆ ਹੈ। ਇਹ ਸੂਰਜ ਬਾਹਰਲੀ ਰੋਸ਼ਨੀ ਦੇਂਦਾ ਹੈ, ਸਵੇਰੇ ਚੜ੍ਹਦਾ ਹੈ, ਸ਼ਾਮ ਨੂੰ ਛਿਪ ਜਾਂਦਾ ਹੈ। ਇਕ ਮਹਾਂ ਸੂਰਜ ਹੈ— ਸਤਿਗੁਰੂ। ਇਹ ਮਹਾਂ ਸੂਰਜ ਗਿਆਨ ਦੀ ਰੋਸ਼ਨੀ ਦੇਕੇ ਮਨੁੱਖ ਦਾ ਜੀਵਨ ਬਦਲ ਦੇਂਦਾ ਹੈ। "ਸਤਿਗੁਰੁ ਜਾਗਤਾ ਹੈ ਦੇਉ" ਸਤਿਗੁਰ ਜਾਗਤ ਦੇਵ ਹੈ ਅਤੇ ਮੋਹ ਮਾਇਆ ਦੀ ਨੀਂਦਰ ਤੋਂ ਜਗਾ ਕੇ "ਸਦਾ ਅਨੰਦਿ ਰਹੈ ਦਿਨੁ ਰਾਤੀਂ" ਦੀ ਕਿਰਪਾ ਕਰਦਾ ਹੈ।

ਸਵੇਰ ਦੇ ਨਿਤਨੇਮ ਤੋਂ ਵਿਹਲੇ ਹੋ ਜਥੇਦਾਰ ਜੋਗਾ ਸਿੰਘ ਅਖਬਾਰ ਖਰੀਦਣ ਲਈ ਵੱਡੀ ਸੜਕ ਵਲ ਗਏ। ਕੀ ਵੇਖਿਆ? ਮਹਾਂ ਸੂਰਜ ਸਤਿਗੁਰੂ ਜਗਜੀਤ ਸਿੰਘ ਜੀ ਕਾਰ ਵਿਚ ਪੂਸਾ ਰੋਡ ਸੇਠ ਤਰਲੋਕ ਸਿੰਘ ਦੀ ਕੋਠੀ ਵਲ ਜਾ ਰਹੇ ਹਨ। ਸਮਝ ਆਈ ਆਸਾ ਦੀ ਵਾਰ ਦਾ ਭੋਗ ਪਾ ਆਏ ਹਨ। ਉਹ ਦੂਰੋਂ ਮੱਥਾ ਟੇਕ ਘਰ ਵਲ ਭੱਜੇ ਅਤੇ ਵੱਡੇ ਭਰਾ ਜਥੇਦਾਰ ਪ੍ਰੀਤਮ ਸਿੰਘ ਨੂੰ ਦੱਸਿਆ। ਦੋਵੇਂ ਸਾਇਕਲ ਸਵਾਰ ਹੋ ਕੋਠੀ ਪੁੱਜੇ। ਸਤਿਗੁਰੂ ਜੀ ਦੇ ਕਮਰੇ ਅੱਗੇ ਦੀਦ ਪਿਆਸਿਆਂ ਦੀ ਭੀੜ ਸੀ। ਪਹਿਰੇਦਾਰ ਕਹਿ ਰਿਹਾ ਸੀ, ਅੰਦਰ ਕੁਝ ਜ਼ਰੂਰੀ ਮੀਟਿੰਗ ਹੋ ਰਹੀ ਹੈ। ਅਜੇ ਦਰਸ਼ਨ ਨਹੀਂ ਹੋ ਸਕਦੇ। ਦੋਵੇਂ ਭਰਾ ਦਰਸ਼ਨਾਂ ਲਈ ਉਤਾਵਲੇ ਸਨ। ਕੀ ਦੇਖਿਆ? ਸਿੱਖਾਂ ਦੀ ਭੀੜ ਵਿਚ ਸਤਿਗੁਰੂ ਜੀ ਜਥੇਦਾਰ ਪ੍ਰੀਤਮ ਸਿੰਘ ਦੇ ਪਿੱਛੇ ਖਲੋਤੇ ਹਨ ਤੇ ਜਥੇਦਾਰ ਜੋਗਾ ਸਿੰਘ ਨੂੰ ਇਸ਼ਾਰਾ ਕਰ ਰਹੇ ਸਨ-ਦੱਸੀ ਨਾ ਮੈਂ ਇੱਥੇ ਖਲੋਤਾ ਹਾਂ। ਪਰ ਉਹ ਆਪਣੇ ਆਪ ਤੇ ਕਾਬੂ ਨ ਰੱਖ ਸਕੇ। ਵੱਡਾ ਭਰਾ ਵੀ ਸਮਝ ਗਿਆ। ਦੋਵੇਂ ਚਰਨਾਂ ਤੇ ਮੱਥਾ ਟੇਕਣ ਲਈ ਝੁਕੇ। ਜਦੋਂ ਸਿਰ ਉਤਾਂਹ ਚੁੱਕੇ-ਸਤਿਗੁਰੂ ਜੀ ਉਹਨਾਂ ਪਾਸ ਨਹੀਂ ਸਨ। ਇਕੋ ਸਮੇਂ ਦੋ ਰੂਪ ਧਾਰਨ ਕੀਤੇ। ਅੰਦਰ ਮੀਟਿੰਗ ਵੀ ਕਰ ਰਹੇ ਸਨ, ਬਾਹਰ ਵੀ ਦਰਸ਼ਨ ਦੇ ਕੇ ਨਿਹਾਲ ਕੀਤਾ।

ਮਾਰੂ ਮਹਲਾ ੫

ਖੁਲਿਆ ਕਰਮੁ ਕ੍ਰਿਪਾ ਭਾਈ ਠਾਕੁਰ ਕੀਰਤਨ ਹਰਿ ਹਰਿ ਗਾਈ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥ ੧॥
ਅਬ ਮੋਹਿ ਜੀਵਨ ਪਦਵੀ ਪਾਈ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥੧॥ ਰਹਾਉ॥
ਕਾਮ ਕ੍ਰੋਧ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥
ਸਦ ਹਜੂਰਿ ਹਾਜਰਿ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥੨॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ॥ ੩॥
ਨਿਰਭਉ ਭਏ ਸਗਲ ਭੈ ਖੋਏ ਗੋਬਿੰਦ ਚਰਨ ਓਟਾਈ॥
ਨਾਨਕ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵਲਾਈ॥ ੪॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੧੦੦੦

ਜੋਤਿ ਉਹਾ ਜੁਗਤਿ ਸਾਇ

ਜੁਗਾਂ-ਜੁਗਾਂ ਤੋਂ ਸਤਿਗੁਰੂ ਦੀ ਇਕੋ ਹੀ ਜੋਤ ਚਲੀ ਆ ਰਹੀ ਹੈ। ਸਤਿਗੁਰੂ ਦਾ ਪੰਜ ਤੱਤਾਂ ਦਾ ਬਣਿਆ ਸਰੀਰ ਕੁਦਰਤੀ ਨਿਯਮਾਂ ਅਨੁਸਾਰ ਚੋਲਾ ਬਦਲਦਾ ਰਹਿੰਦਾ ਹੈ, ਪਰ ਜੋਤ ਦਾ ਨਿਯਮ ਨਹੀਂ ਬਦਲਦਾ। ਵਰਤਮਾਨ ਸਤਿਗੁਰੂ ਦੇ ਕਈ ਕੌਤਕ ਐਸੇ ਹੁੰਦੇ ਹਨ ਜਿਹੜੇ ਪਹਿਲੇ ਜਾਮੇਂ ਵਿਚ ਵੀ ਵਰਤਾਏ ਹੁੰਦੇ ਨੇ। ਐਸਾ ਹੀ ਇਕ ਕੌਤਕ ਸੰਨ 1965 'ਚ ਸੇਠ ਤਰਲੋਕ ਸਿੰਘ ਦੀ ਕੋਠੀ 11/10 ਪੂਸਾ ਰੋਡ, ਦਿੱਲੀ ਵਿਖੇ ਵਰਤਿਆ।

ਜਥੇਦਾਰ ਪ੍ਰੀਤਮ ਸਿੰਘ ਨੇ ਦੱਸਿਆ, ਮੈਂ ਤੇ ਸੰਤ ਤੇਜਾ ਸਿੰਘ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ। ਸਤਿਗੁਰੂ ਜੀ ਧੁੱਪੇ ਪਲੰਘ ਤੇ ਸੁਭਾਇਮਾਨ ਸਨ। ਅਸਾਂ ਅਰਜ਼ ਕੀਤੀ-ਅੱਜ ਤੇ ਉੱਚ ਦਾ ਪੀਰ ਬਨਣ ਵੇਲੇ ਦਾ ਦ੍ਰਿਸ਼ ਨਜ਼ਰ ਆ ਰਿਹਾ ਹੈ। ਅਗੋਂ ਹੁਕਮ ਹੋਇਆ-ਚੰਗਾ ਫਿਰ, ਦੋਵੇਂ ਜਣੇ ਮੇਰਾ ਪਲੰਘ ਚੁੱਕੋ ਤੇ ਔਹ ਪਰਲੇ ਪਾਸੇ ਕਰ ਦਿਉ। ਅਸਾਂ ਝੱਟ ਪੱਟ ਪਲੰਘ ਚੁੱਕ ਲਿਆ। ਸਤਿਗੁਰੂ ਜੀ ਪਲੰਘ ਤੇ ਹੀ ਸੁਭਾਇਮਾਨ ਰਹੇ ਤੇ ਦਸਮ ਪਾਤਸ਼ਾਹ ਵੇਲੇ ਦਾ ਦ੍ਰਿਸ਼ ਮੂਰਤੀਮਾਨ ਕੀਤਾ।

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗ ਅਲੂਣੀ ਚਟੀਐ॥
ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰ ਦਬਟੀਐ॥
ਹੋਵੈ ਸਿਫਤਿ ਖਸੰਮ ਦੀ ਨੂਰ ਅਰਸਹੁ ਕੁਰਸਹੁ ਝਟੀਐ॥
ਤੁਧ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੯੬੬

ਤੂ ਬੇਅੰਤੁ ਸਰਬ ਕਲ ਪੂਰਾ

ਸਤਿਗੁਰੂ ਦੀ ਤਾਰੀਫ ਹੈ- ਇੱਛਾ ਪੂਰਕ। ਪਰ ਸਿਧਾਂਤ ਹੈ ਜਗਿਆਸੂ ਜੈਸੀ ਭਾਵਨਾ ਨਾਲ ਅਰਦਾਸ ਕਰੇਗਾ, ਵੈਸਾ ਹੀ ਫਲ ਲੱਗੇਗਾ। ਇੱਥੇ ਇਹ ਵੀ ਸਿਧਾਂਤ ਲਾਗੂ ਨਹੀਂ ਹੁੰਦਾ ਕਿ ਸਿਰਫ ਆਪਣੇ ਹੀ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਤਿਗੁਰੂ ਪੂਰਾ ਕਰਦਾ ਹੈ। ਉਹ ਸਭ ਦੀਆਂ ਭਾਵਨਾਵਾਂ ਨੂੰ ਪੂਰਾ ਕਰਦਾ ਹੈ ਕਿਉਂਕਿ ਉਹ ਸਭਦਾ ਹੈ। ਗੱਲ ਸਿਰਫ ਸ਼ੁਧ ਮਨ ਨਾਲ ਅਰਦਾਸ ਕਰਨ ਦੀ ਹੈ।

ਸੰਨ 1966 ਵਿਚ ਦਿੱਲੀ, ਕਰੋਲ ਬਾਗ, ਅਜ਼ਮਲ ਖਾਨ ਪਾਰਕ ਵਿਖੇ ਨਾਮਧਾਰੀ ਹੋਲਾ ਮਹੱਲਾ ਹੋਇਆ। ਅੰਮ੍ਰਿਤ ਵੇਲੇ ਅਤੇ ਪਿਛਲੇ ਪਹਿਰ ਦੇ ਪਰੋਗਰਾਮ 'ਚ ਸਤਿਗੁਰੂ ਜੀ ਇਲਾਹੀ ਦਰਸ਼ਨ ਦੇਕੇ ਸਾਧ ਸੰਗਤ ਨੂੰ ਖੇੜੇ ਵੰਡਦੇ ਸਨ। ਸ਼ਾਮ ਨੂੰ ਕਵੀ ਦਰਬਾਰ ਸੀ ਤੇ ਕਵੀਆਂ ਦੀ ਰੀਝ ਸੀ, ਸਤਿਗੁਰੂ ਜੀ ਦਰਸ਼ਨ ਦੇਣ। ਚੋਜੀ ਪ੍ਰੀਤਮ ਨੇ ਅਨੋਖੇ ਢੰਗ ਨਾਲ ਕਵੀਜਨਾਂ ਦੀ ਰੀਝ ਪੂਰੀ ਕੀਤੀ। ਸਰੋਤਿਆਂ ਵਿਚਕਾਰ ਚੱਦਰ ਦੀ ਬੁੱਕਲ ਮਾਰ, ਆਪਣਾ ਮੁੱਖੜਾ ਛਿਪਾ, ਬੈਠੇ ਕਵੀ ਦਰਬਾਰ ਸੁਣਦੇ ਰਹੇ। ਕਿਸੇ ਤਰ੍ਹਾਂ ਭਿਣਕ ਪੈ ਗਈ। ਸਤਿਗੁਰੂ ਜੀ ਬਹੁਤ ਹੀ ਫੁਰਤੀ ਨਾਲ ਪੰਡਾਲ ਤੋਂ ਬਾਹਰ ਚਲੇ ਗਏ। ਸੰਗਤ ਵੇਖਦੀ ਹੀ ਰਹਿ ਗਈ। ਕਵੀ ਜਨਾਂ ਖੁਸ਼ੀ ਨਾਲ ਜੈਕਾਰੇ ਛੱਡੇ। ਸਮਝਿਆ, ਸਾਡੇ ਧੰਨ ਭਾਗ-ਸਾਡਾ ਕਵੀ ਦਰਬਾਰ ਪ੍ਰਵਾਨ ਹੋਇਆ।

ਬੈਰਾੜੀ ਮਹਲਾ ੪

ਜਪਿ ਮਨ ਹਰਿ ਹਰਿ ਨਾਮੁ ਨਿਤ ਧਿਆਇ॥
ਜੋ ਇਛਹਿ ਸੋਈ ਫਲੁ ਪਾਵਹਿ
ਫਿਰਿ ਦੂਖੁ ਨ ਲਾਗੈ ਆਇ॥੧॥ ਰਹਾਉ॥
ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ
ਜਿਤੁ ਹਰਿ ਸਿਉ ਪ੍ਰੀਤਿ ਲਗਾਇ॥
ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ
ਇਕ ਖਿਨ ਮਹਿ ਬਿਸਰਿ ਸਭ ਜਾਇ॥੧॥
ਤੂ ਬੇਅੰਤੁ ਸਰਬ ਕਲ ਪੂਰਾ ਕਿਛੁ ਕੀਮਤਿ ਕਹੀ ਨ ਜਾਇ॥
ਨਾਨਕ ਸਰਣਿ ਤੁਮਾਰੀ ਹਰਿ ਜੀਉ ਭਾਵੈ ਤਿਵੈ ਛਡਾਇ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੭੨੦

ਅਪਨੇ ਸੇਵਕ ਕਉ ਆਪਿ ਸਹਾਈ

ਸਤਿਗੁਰੂ ਤੇ ਸਿੱਖ ਦਾ ਸਬੰਧ ਬੇਮਿਸਾਲ ਹੈ। ਇਸ ਸਬੰਧ ਵਿਚ ਸਿੱਖ ਵਾਸਤੇ ਵਿਧਾਨ ਹੈ ਕਿ ਸਤਿਗੁਰੂ ਨੂੰ ਸਮਰਪਤ ਰਹੇ। ਸਤਿਗੁਰੂ ਦਾ ਵਿਸ਼ਵਾਸ ਪਾਤਰ ਹੋਵੇ। ਉਸਦੀ ਦੱਸੀ ਮਰਯਾਦਾ ਅਨੁਸਾਰ ਜੀਵਨ ਬਤੀਤ ਕਰੇ। ਸਤਿਗੁਰੂ ਨੂੰ ਅਕਾਲ ਪੁਰਖ ਦਾ ਪ੍ਰਤੱਖ ਸਰੂਪ ਸਮਝੇ ਅਤੇ ਹਮੇਸ਼ਾ ਅੰਗ ਸੰਗ ਮਹਿਸੂਸ ਕਰੇ, ਫਿਰ ਸਤਿਗੁਰੂ ਆਪਣੇ ਸਿੱਖ ਦੀ ਔਖੀ ਘੜੀ ਸਮੇਂ ਇਵੇਂ ਸਹਾਇਤਾ ਕਰਦਾ ਹੈ ਜਿਵੇਂ ਸਤਿਜੁਗ ਵਿਚ ਪ੍ਰਹਿਲਾਦ ਦਾ ਵਾਲ ਵਿੰਗਾ ਨਹੀਂ ਸੀ ਹੋਣ ਦਿੱਤਾ।

ਸੰਨ 1966 'ਚ ਜਥੇਦਾਰ ਜੋਗਾ ਸਿੰਘ ਫੌਜ 'ਚ ਭਰਤੀ ਹੋਏ। ਗੁਰ ਸਿੱਖ ਅਸੂਲਾਂ ਦੀ ਗੁੜ੍ਹਤੀ ਅਤੇ ਗੁਰਮੁਖੀ ਪਹਿਰਾਵੇ 'ਚ ਰਹਿਣ ਦੀ ਲਗਨ ਇਹਨਾਂ ਨੂੰ ਬਚਪਨ ਤੋਂ ਹੀ ਪ੍ਰਾਪਤ ਸੀ। ਫੌਜੀ ਸਿਖਲਾਈ ਲਈ ਇਹ ਬੰਗਲੌਰ ਪੁੱਜੇ।

ਅਧਿਕਾਰੀਆਂ ਨੇ ਇਹਨਾਂ ਦੇ ਸਿਵਲ ਕਪੜੇ ਸੰਦੂਕ 'ਚ ਬੰਦ ਕਰਕੇ ਫੌਜੀ ਵਰਦੀ ਪਹਿਨਣ ਲਈ ਦਿੱਤੀ। ਸਿਖਲਾਈ ਦੌਰਾਨ ਸਭ ਦੇ ਪ੍ਰਾਈਵੇਟ ਕਪੜੇ ਸੰਦੂਕਾਂ 'ਚ ਬੰਦ ਹੋ ਜਾਂਦੇ ਹਨ। ਉਹਨਾਂ ਜ਼ਿਦ ਕੀਤੀ ਕਿ ਘੱਟੋ ਘੱਟ ਮੇਰੀ ਸਫੈਦ ਦਸਤਾਰ ਮੈਨੂੰ ਦਿੱਤੀ ਜਾਵੇ। ਮੈਂ ਆਪਣੀ ਰੀਤੀ ਅਨੁਸਾਰ ਰੋਜ਼ ਸਜਾਣੀ ਚਾਹੁੰਦਾ ਹਾਂ। ਇਜਾਜ਼ਤ ਨਾ ਮਿਲੀ।

ਸਤਿਗੁਰੂ ਜੀ ਵੱਲ ਚਿੱਠੀ ਲਿਖ ਪੇਸ਼ ਆ ਰਹੀ ਮੁਸ਼ਕਲ ਦੇ ਹੱਲ ਲਈ ਅਰਜ਼ ਕੀਤੀ ਗਈ। ਹੁਕਮ ਅਨੁਸਾਰ ਮਹਾਰਾਜ ਬੀਰ ਸਿੰਘ ਜੀ ਦਾ ਲਿਖਿਆ ਖਤ ਮਿਲਿਆ "ਬਿਜਲੀ ਦੇ ਪੱਖੇ ਨਾਲ ਉਲਟਾ ਲਟਕਾ ਕੇ ਚਾਹੇ ਤੈਨੂੰ ਘੁੰਮਾਉਣ, ਆਪਣਾ ਪੱਖ ਨਾ ਛੱਡੀਂ।" ਜਥੇਦਾਰ ਜੀ ਦ੍ਰਿੜ ਹੋ ਗਏ। ਮਾਮਲਾ ਵਧਦਾ ਗਿਆ। ਨੌਬਤ ਇਥੋਂ ਤਕ ਆ ਗਈ-ਨੰਗੇ ਸੰਗੀਨਾਂ ਦੇ ਪਹਿਰੇ ਹੇਠ ਉਹਨਾਂ ਨੂੰ ਮੁੱਖ ਅਧਿਕਾਰੀ ਸਾਹਮਣੇ ਪੇਸ਼ ਕੀਤਾ ਗਿਆ। ਹੁਕਮ ਸੁਣਾਇਆ ਗਿਆ-ਨੌਕਰੀ ਤੋਂ ਬਰਖਾਸਤ, ਛੇ ਮਹੀਨੇ ਦੀ ਸਿਵਲ ਜ਼ੇਲ੍ਹ, ਪੜ੍ਹਾਈ ਦੇ ਸਰਟੀਫਿਕੇਟ ਰੱਦ (Red Ink Entry) ਭਾਵ ਕਦੇ ਸਰਕਾਰੀ ਨੌਕਰੀ ਨਹੀਂ ਕਰ ਸਕੇਂਗਾ। ਕਿਉਂਕਿ ਜਥੇਦਾਰ ਜੀ, ਸਤਿਗੁਰੂ ਜੀ ਦੇ ਪੱਖ ਨੂੰ ਸਾਹਮਣੇ ਰੱਖ ਕੇ ਹੀ ਜ਼ਿਦ ਕਰ ਰਹੇ ਸੀ, ਸੋ ਝੱਬਦੇ ਨਾਲ ਆਖ ਦਿੱਤਾ ਮੈਨੂੰ ਸਾਰੀਆਂ ਸਜਾਵਾਂ ਪ੍ਰਵਾਨ ਹਨ। ਅਧਿਕਾਰੀ ਆਖਿਆ-ਇਸਨੂੰ ਲੈ ਜਾਉ। ਵਰੰਟ ਤਿਆਰ ਕਰੋ।

ਸਤਿਗੁਰੂ ਜਗਜੀਤ ਸਿੰਘ ਜੀ ਕੌਤਕ ਵਰਤਾਇਆ। ਜਿਸ ਹੈੱਡ ਕਲਰਕ ਨੇ ਵਰੰਟ ਤਿਆਰ ਕਰਨਾ ਸੀ ਉਸਨੇ ਮੁੱਖ ਅਧਿਕਾਰੀ ਨੂੰ ਸਲਾਹ ਦਿੱਤੀ। ਐਹ 19 ਕੁ ਸਾਲ ਦਾ ਮੁੰਡਾ ਸਿੱਧੀ ਦਸਤਾਰ ਦੀ ਖਾਤਿਰ ਸਭ ਸਜ਼ਾਵਾਂ ਭੁਗਤਣ ਲਈ ਤਿਆਰ

ਹੈ-ਇਸਦੇ ਪਿੱਛੇ ਕੋਈ ਵੱਡੀ ਤਾਕਤ ਹੈ। ਉਸਨੇ ਫੌਜੀ ਕਾਨੂੰਨ ਦੀਆਂ ਦੋ ਪੁਸਤਕਾਂ ਸਾਹਿਬ ਅਗੇ ਪੇਸ਼ ਕੀਤੀਆਂ-ਪਹਿਲੀ-Defence Services Rules and Regulations-ਜਿਸਦੇ Paragraph 332 ਦੇ ਮੁਤਾਬਿਕ-ਧਾਰਮਿਕ ਭਾਵਨਾਵਾਂ ਦਾ ਆਦਰ ਕਰਦੇ ਹੋਏ ਮੁੱਖ ਅਫਸਰ ਚਾਹੇ ਤਾਂ (ਨਾਮਧਾਰੀ) ਦਸਤਾਰ ਸਜਾਉਣ ਦੀ ਆਗਿਆ ਦੇ ਸਕਦਾ ਹੈ (ਦਸਤਾਵੇਜ਼ ਪੰਨਾ I)। ਦੂਸਰੀ Manual of Indian Military Law- ਜਿਸਦੇ ਮੁਤਾਬਿਕ-ਅਗਰ ਇਹ ਸਿਪਾਹੀ ਸਜ਼ਾਵਾਂ ਦੇ ਖਿਲਾਫ ਸਿਵਲ ਮੁਕੱਦਮਾ ਜਿੱਤ ਜਾਂਦਾ ਹੈ ਤਾਂ ਸਜ਼ਾ ਦੇਣ ਵਾਲਾ ਅਧਿਕਾਰੀ ਨੌਕਰੀ ਤੋਂ ਬਰਖਾਸਤ ਅਤੇ 10 ਸਾਲ ਦੀ ਜੇਲ੍ਹ।

ਸਤਿਗੁਰੂ ਜੀ ਉਸ ਅਧਿਕਾਰੀ ਦੇ ਮਨ 'ਤੇ ਵੱਸੇ। ਉਸ ਹੁਕਮ ਕੀਤਾ- ਸਭ ਸਜ਼ਾਵਾਂ ਰੱਦ। ਇਸਨੂੰ ਨਾਮਧਾਰੀ ਦਸਤਾਰ ਸਜਾਉਣ ਦੀ ਆਗਿਆ ਹੈ। ਇਕ ਐਲਾਨ ਜਾਰੀ ਕੀਤਾ। ਪੂਰੇ ਟਰੇਨਿੰਗ ਸੈਂਟਰ 'ਚ ਸੁਣਾ ਦਿਉ। ਕੋਈ ਇਸ ਦਸਤਾਰ ਦਾ ਨਿਰਾਦਰ ਨ ਕਰੇ। ਇਸ ਨੂੰ ਨਾਮਧਾਰੀ ਦਸਤਾਰ ਬੰਨ੍ਹਵਾ ਕੇ ਮੈਨੂੰ O.K. ਰਿਪੋਰਟ ਦਿਉ। ਐਸਾ ਹੀ ਹੋਇਆ।

ਗਉੜੀ ਮਹਲਾ ੫

ਅਪਨੇ ਸੇਵਕ ਕਉ ਆਪਿ ਸਹਾਈ॥
ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ॥੧॥
ਪ੍ਰਭ ਕੀ ਸਰਨਿ ਉਬਰੈ ਸਭ ਕੋਇ॥
ਕਰਨ ਕਰਾਵਨ ਪੂਰਨ ਸਚੁ ਸੋਇ॥ ਰਹਾਉ॥
ਅਬ ਮਨ ਬਸਿਆ ਕਰਨੈ ਹਾਰਾ॥
ਭੈ ਬਿਨਸੇ ਆਤਮ ਸੁਖ ਸਾਰਾ॥੨॥
ਕਰਿ ਕਿਰਪਾ ਅਪਨੇ ਜਨ ਰਾਖੇ॥
ਜਨਮ ਜਨਮ ਕੇ ਕਿਲਬਿਖ ਲਾਥੇ॥੩॥
ਕਹਨ ਨ ਜਾਇ ਪ੍ਰਭ ਕੀ ਵਡਿਆਈ॥
ਨਾਨਕ ਦਾਸ ਸਦਾ ਸਰਨਾਈ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੨੦੨

ਜਿਹ ਕੋ ਅਮਿਤੋਜ ਸਭੈ ਜਗ ਛਾਇਓ

ਸ੍ਰਿਸ਼ਟੀ ਦੇ ਰਚਨਹਾਰ ਅਕਾਲ ਪੁਰਖ ਦੀ ਕੋਈ ਸੀਮਾਂ ਨਹੀਂ। ਉਸਦੀ ਸ਼ਕਤੀ ਕਣ-ਕਣ ਵਿਚ ਸਮਾਈ ਹੋਈ ਹੈ। ਇਸ ਕਰਕੇ ਉਸਨੂੰ ਰਾਮ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ- ਰਾਮ ਤੋਂ ਭਾਵ, ਜੋ ਸੰਸਾਰ ਵਿਚ ਰਮਿਆ ਹੋਇਆ ਹੈ। ਉਸਦੀ ਜੋਤ ਹਮੇਸ਼ਾ ਇਕੋ ਜਿਹੀ ਰਹਿੰਦੀ ਹੈ। ਨ ਵਧਦੀ ਹੈ ਨ ਘਟਦੀ ਹੈ। "ਅਕਾਲ ਉਸਤਤ" ਦੀ ਰਚਨਾ ਕਰਦੇ ਸਮੇਂ ਸਤਿਗੁਰੂ ਗੋਬਿੰਦ ਸਿੰਘ ਜੀ ਫਰਮਾਂਦੇ ਹਨ "ਜਿਮੀ ਜਮਾਨ ਕੇ ਬਿਖੈ, ਸਮਸਤ ਏਕ ਜੋਤ ਹੈ॥ ਨ ਘਾਟ ਹੈ ਨ ਬਾਢ ਹੈ, ਨ ਘਾਟ ਬਾਢ ਹੋਤ ਹੈ॥" ਇਹੋ ਜੋਤ ਜਦ ਸਰਗੁਣ ਸਰੂਪ ਧਾਰ ਲੈਂਦੀ ਹੈ ਤਾਂ "ਸਤਿਗੁਰੂ" ਦੇ ਸੁੰਦਰ ਸਰੂਪ 'ਚ ਪਹਿਚਾਨੀ ਜਾ ਸਕਦੀ ਹੈ। ਸਤਿਗੁਰੂ ਦੀ ਵੀ ਕੋਈ ਸੀਮਾਂ ਨਹੀਂ ਹੁੰਦੀ। ਉਹ ਸ੍ਰਿਸ਼ਟੀ ਦਾ ਮਾਲਕ ਹੁੰਦਾ ਹੈ। ਦੁਨਿਆਵੀ ਤੌਰ ਤੇ ਉਹ ਆਮ ਮਨੁੱਖਾਂ ਦੀ ਤਰ੍ਹਾਂ ਸੰਸਾਰ 'ਚ ਵਿਚਰਦਾ ਹੈ, ਪਰ ਜਦੋਂ ਰਜ਼ਾ ਹੋਵੇ ਇਕ ਛਿਨ ਵਿਚ ਕਿਤੇ ਵੀ ਜਾ ਸਹਾਈ ਹੁੰਦਾ ਹੈ। ਰਸਤੇ ਵਿਚ ਉਸਨੂੰ ਰੁਕਾਵਟ ਵਿਘਨ ਨਹੀਂ ਪਾ ਸਕਦੀ। ਐਸਾ ਹੀ ਇਕ ਕੌਤਕ ਸਤਿਗੁਰੂ ਜਗਜੀਤ ਸਿੰਘ ਜੀ ਵਰਤਾਇਆ।

ਬੰਗਲੌਰ ਵਿਖੇ ਜਥੇਦਾਰ ਜੋਗਾ ਸਿੰਘ ਨੂੰ ਫੌਜ ਵਿਚ ਨਾਮਧਾਰੀ ਦਸਤਾਰ ਸਜਾਉਣ ਦੀ ਇਜ਼ਾਜ਼ਤ, ਸਤਿਗੁਰੂ ਜੀ ਦੀ ਕ੍ਰਿਪਾ ਨਾਲ, ਮਿਲ ਗਈ। ਉਹਨਾਂ ਬਖਸ਼ਿਸ਼ ਦਾ ਵੇਰਵਾ ਲਿਖ, ਸਤਿਗੁਰੂ ਜੀ ਵੱਲ ਧੰਨਵਾਦ ਦਾ ਪੱਤਰ ਲਿਖਿਆ। ਥੋੜ੍ਹੇ ਦਿਨਾਂ ਬਾਅਦ ਸੰਤ ਸੰਤੋਖ ਸਿੰਘ ਸਲੂਜਾ, ਜੋ ਕਿ ਜਲ ਵਿਭਾਗ ਵਿਚ ਉੱਚ ਅਧਿਕਾਰੀ ਸਨ, ਰਾਹੀਂ ਜਥੇਦਾਰ ਜੀ ਨੂੰ ਸੁਨੇਹਾ ਮਿਲਿਆ ਕਿ ਸਤਿਗੁਰੂ ਜੀ ਬੰਗਲੌਰ ਦਰਸ਼ਨ ਦੇ ਰਹੇ ਹਨ। ਉਹ ਹਵਾਈ ਅੱਡੇ ਪਹੁੰਚ ਗਏ। ਸਤਿਗੁਰੂ ਜੀ ਦੇ ਚਰਨ ਪਰਸੇ। ਨੂਰੀ ਮੁੱਖੜੇ ਦੀ ਮੁਸਕਾਨ ਨੇ ਬਸੰਤ-ਬਹਾਰ ਲੈ ਆਂਦੀ। ਸਤਿਗੁਰੂ ਜੀ ਕਾਰ 'ਚ ਬੈਠਦਿਆਂ ਹੀ ਹੁਕਮ ਕੀਤਾ-ਪਹਿਲਾ ਤੇਰੇ ਟਰੇਨਿੰਗ ਸੈਂਟਰ ਜਾਣੈ। ਉਹ ਸੋਚਣ, ਮੈਂ ਅਜੇ ਟਰੇਨਿੰਗ ਲੈ ਰਿਹਾ ਸਿਪਾਹੀ ਹਾਂ, ਕੋਈ ਰਸੂਖ ਨਹੀਂ ਹੈ, ਟਰੇਨਿੰਗ ਸੈਂਟਰ ਅੰਦਰ ਪ੍ਰਾਈਵੇਟ ਕਾਰ ਜਾਣ ਦੀ ਕੋਈ ਇਜਾਜ਼ਤ ਨਹੀਂ ਹੈ, ਇਹ ਅਕਾਲ ਪੁਰਖ ਨੇ; ਪੂਰਾ ਸਤਿਕਾਰ ਕਿਸ ਤਰ੍ਹਾਂ ਹੋਵੇਗਾ, ਗੇਟ ਤੇ ਰੋਕ-ਟੋਕ ਹੋਵੇਗੀ ਬੜਾ ਬੁਰਾ ਲਗੇਗਾ। ਕਾਰ ਆਪਣੀ ਰਫਤਾਰ ਨਾਲ ਸੈਂਟਰ ਵਲ ਜਾ ਰਹੀ ਸੀ। ਸੈਂਟਰ ਤੋਂ ਥੋੜ੍ਹਾ ਦੂਰ ਰਹਿ ਗਏ ਤਾਂ ਉਹਨਾਂ ਦੇ ਦਿਲ ਦੀ ਧੜਕਣ ਵਧ ਗਈ। ਗੇਟ ਨੇੜੇ ਆ ਗਿਆ ਹੈ ਤੇ ਬੰਦ ਵੀ ਹੈ। ਛਿਨ ਵਿਚ ਉਹੀ ਕੌਤਕ ਹੋਇਆ ਜੋ ਭਗਵਾਨ ਕ੍ਰਿਸ਼ਨ ਜੀ ਦੇ ਅਵਤਾਰ ਵੇਲੇ ਹੋਇਆ ਸੀ। ਜੇਲ੍ਹ ਦੇ ਦਰਵਾਜ਼ੇ ਖੁੱਲ੍ਹ ਗਏ ਸਨ ਤੇ ਦਵਾਰਪਾਲ

ਨੀਂਦਰ ਅਵਸਥਾ 'ਚ ਚਲੇ ਗਏ ਸਨ। ਸਤਿਗੁਰੂ ਜੀ ਅਤੇ ਜਥੇਦਾਰ ਜੀ ਸਮੇਤ ਚਾਰ ਸਰੀਰ ਕਾਰ ਵਿਚ ਸਨ। ਪਤਾ ਨਹੀਂ ਸੈਂਟਰ ਦਾ ਗੇਟ ਕਿਹੜੇ ਵੇਲੇ ਖੁੱਲ੍ਹ ਗਿਆ ਅਤੇ ਕਾਰ ਤੂੰ ਕਰਕੇ ਅੰਦਰ ਚਲੇ ਗਈ। ਇਕ ਮੀਲ ਅੰਦਰ ਜਾ ਕੇ ਕਾਰ ਇਕ ਬੈਰਕ ਪਾਸ ਰੁੱਕ ਗਈ।

ਜਥੇਦਾਰ ਜੀ ਮੰਜੇ ਤੇ ਚਿੱਟਾ ਖੇਸ ਵਿਛਾ ਦਿੱਤਾ। ਸਤਿਗੁਰੂ ਜੀ ਸੁਭਾਇਮਾਨ ਹੋਏ। ਉਹਨਾਂ ਦੇ ਸਾਥੀਆਂ ਮੱਥਾ ਟੇਕਿਆ, ਦੋ-ਤਿੰਨ ਅਧਿਕਾਰੀ ਵੀ ਪਹੁੰਚ ਗਏ। ਗਰੀਬ ਨਿਵਾਜ਼ ਜੀ ਦਾ ਲਾਲ ਭੱਖਦਾ ਚਿਹਰਾ-ਇੰਜ ਜਣਾਇਆ ਟਰੇਨਿੰਗ ਸੈਂਟਰ ਦੇ ਕਰਤਾ-ਧਰਤਾ ਆਪ ਹੀ ਹਨ। ਅਧਿਕਾਰੀਆਂ ਨੂੰ ਸੰਬੋਧਨ ਕਰ ਬਚਨ ਕੀਤਾ-ਮੁੰਡੇ ਨੂੰ ਬਹੁਤ ਤੰਗ ਕੀਤੈ। ਹੁਣ ਮੈਂ ਆ ਗਿਐ, ਜੋ ਗੱਲ ਕਰਨੀ, ਮੇਰੇ ਨਾਲ ਕਰੋ। ਉਹਨਾਂ ਹੱਥ ਜੋੜ ਕਿਹਾ-ਜੀ, ਇਸਨੂੰ ਪਹਿਲਾਂ ਹੀ ਸਾਰੀਆਂ ਸਹੂਲਤਾਂ ਦੇ ਦਿੱਤੀਆਂ ਹਨ-ਕੋਈ ਕਮੀ ਹੈ, ਹੁਣੇ ਹੀ ਦੱਸੋ। ਜਥੇਦਾਰ ਜੋਗਾ ਸਿੰਘ ਅਰਜ਼ ਕੀਤੀ-ਜੀ, ਸਭ ਠੀਕ ਹੈ। ਸਭ ਨੂੰ ਨਦਰੀ ਨਦਰ ਨਿਹਾਲ ਕਰਦੇ ਹੋਏ ਉਸੇ ਕੌਤਕ ਨਾਲ ਟਰੇਨਿੰਗ ਸੈਂਟਰ ਤੋਂ ਬਾਹਰ ਆ ਗਏ। ਦਵਾਰਪਾਲ ਵੇਖਦੇ ਹੀ ਰਹਿ ਗਏ।

ਉਪਰੋਕਤ ਸਾਖੀ ਬਾਰੇ ਸਤਿਗੁਰੂ ਜੀ ਦੇ ਪ੍ਰਵਚਨਾਂ ਵਾਲੇ ਗ੍ਰੰਥ ਦੇ ਪੰਨਾ 100 'ਤੇ ਪਵਿੱਤਰ ਉਪਦੇਸ਼ ਇਸ ਤਰ੍ਹਾਂ ਦਰਜ਼ ਹੈ-

"ਇਕ ਮੁੰਡਾ ਫੌਜ ਵਿਚ ਹੈ ਆਪਣਾ ਜੋਗਾ ਸਿੰਘ। ਉਹਨੇ ਪੱਗ ਦੀ ਬੜੀ ਲੜਾਈ ਕਰਕੇ ਇਹ ਸਿੱਧੀ ਪੱਗ ਰੱਖੀ ਹੈ। ਉਹਨੇ ਆਖਿਆ, ਮੈਨੂੰ ਨੌਕਰੀ ਦੀ ਲੋੜ ਨਹੀਂ, ਜੇ ਤੂੰ ਨੌਕਰੀ ਨਹੀਂ ਰਹਿਣ ਦੇਂਦਾ। ਬੜਾ ਤਕੜਾ ਉਹਨਾਂ ਦਾ ਸੰਘਰਸ਼ ਹੋਇਆ। ਸਤਿਗੁਰਾਂ ਕਿਰਪਾ ਕੀਤੀ ਹੈ ਤੇ ਉਹਨਾਂ ਦੇ ਮਨ ਵਿਚ ਵੱਸੇ। ਤੇ ਉਹਨਾਂ ਨੂੰ ਨਾਮਧਾਰੀ ਪੱਗ ਬੰਨ੍ਹਣ ਦੀ ਇਜਾਜ਼ਤ ਦੇਣੀ ਪਈ ਤੇ ਉਹ ਆਪਣੀ ਐਸ ਵਰਦੀ ਵਿਚ ਓਥੇ ਰਹਿੰਦਾ ਹੈ। ਸੋ ਤੁਸੀਂ ਵੀ ਆਪਣੇ ਗੁਰਮੁਖੀ ਬਾਣੇ ਵਿਚ ਰਹੋ।"

ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖ ਸੇ ਸਭਹੂੰ ਮਿਲ ਗਾਇਓ॥
ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥ ਨ ਆਇਓ।
ਪਾਇ ਸਕੈ ਨਹੀਂ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ॥
ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ ਸਭੈ ਜਗ ਛਾਇਓ॥

ਗੁਰੂ ਗੋਬਿੰਦ ਸਿੰਘ - ਅਕਾਲ ਉਸਤਤ ॥੨੫੦॥

ਅਰਦਾਸ ਸੁਣੀ ਦਾਤਾਰ ਪ੍ਰਭੁ

ਭਗਤਾਂ ਅਤੇ ਸੰਸਾਰੀਆਂ ਵਿਚਕਾਰ ਤਾਲ-ਮੇਲ ਮੁਮਕਿਨ ਨਹੀਂ। ਭਗਤ, ਸਤਿਗੁਰੂ ਦੀ ਦੱਸੀ ਮਰਯਾਦਾ 'ਚ ਵਿਚਰਦੇ ਹਨ। ਸੰਸਾਰੀ ਜੀਵ, ਮੋਹ-ਮਾਇਆ ਤੋਂ ਪ੍ਰਭਾਵਿਤ ਹੁੰਦੇ ਹਨ। ਸੰਸਾਰ ਦੀ ਉਤਪਤੀ ਸਮੇਂ ਤੋਂ ਹੀ ਇਹਨਾਂ ਵਿਚਕਾਰ ਟਕਰਾਓ ਰਿਹਾ ਹੈ। "ਸਤਯਮੇਵ ਜਯਤੇ" ਦੇ ਕਥਨ ਅਨੁਸਾਰ, ਅੰਤ ਜਿੱਤ ਸਚਾਈ ਦੀ ਹੀ ਹੁੰਦੀ ਹੈ।

ਸੰਨ 1968 'ਚ ਟਰੇਨਿੰਗ ਪੂਰੀ ਕਰਕੇ ਜਥੇਦਾਰ ਜੋਗਾ ਸਿੰਘ ਨੇ ਸਾਂਭਾਂ (ਜੰਮੂ ਦੇ ਨੇੜੇ) ਸਥਾਨ ਤੇ ਫੌਜ ਦੀ ਬ੍ਰਿਗੇਡ ਦੇ ਦਫਤਰ ਡਿਊਟੀ ਸੰਭਾਲੀ। ਮੇਜਰ ਕਿਰਪਾਲ ਸਿੰਘ ਕੋਹਲੀ ਇਹਨਾਂ ਦੇ ਵੱਡੇ ਅਫਸਰ ਸਨ। ਉਹਨਾਂ ਤੋਂ ਸਤਿਜੁਗੀ, ਸ਼ਾਂਤੀ ਅਤੇ ਪਿਆਰ ਦੀ ਨਿਸ਼ਾਨੀ, ਸਿੱਧੀ ਨਾਮਧਾਰੀ ਦਸਤਾਰ ਬਰਦਾਸ਼ਤ ਨਾ ਹੋਵੇ। ਉਹਨਾਂ ਹੈੱਡ ਕਲਰਕ ਨੂੰ ਆਖਿਆ-ਹੁਕਮ ਸੁਣਾ ਦੇ- ਇਹ ਕੱਲ ਤੋਂ ਦਫਤਰ 'ਚ ਇਸ ਦਸਤਾਰ ਨਾਲ ਨਾ ਆਵੇ। ਜਥੇਦਾਰ ਜੋਗਾ ਸਿੰਘ ਨੇ ਟਰੇਨਿੰਗ ਸੈਂਟਰ ਵਾਲੀ ਸਾਰੀ ਗੱਲ ਦੱਸੀ ਪਰ ਕੋਈ ਅਸਰ ਨਾ ਹੋਇਆ। ਜਥੇਦਾਰ ਜੀ, ਸਤਿਗੁਰੂ ਜੀ ਦੇ ਚਰਨਾਂ 'ਚ ਅਰਦਾਸ ਕੀਤੀ-ਸਹਾਇਤਾ ਕਰੋ, ਜਿਵੇਂ ਬੈਂਗਲੌਰ ਕੀਤੀ ਸੀ।

ਅਰਦਾਸ ਪ੍ਰਵਾਨ ਹੋਈ। ਅਗਲੇ ਦਿਨ ਸਵੇਰੇ ਹੈੱਡ ਕਲਰਕ ਨੇ ਅਫਸਰ ਨੂੰ ਟਰੇਨਿੰਗ ਸੈਂਟਰ ਵਾਲਾ ਕਾਨੂੰਨ ਦਿਖਾਇਆ ਅਤੇ ਪੱਖ ਵਿੱਚ ਸਿਫਾਰਸ਼ ਕੀਤੀ। ਸਤਿਗੁਰੂ ਜੀ ਅਫਸਰ ਦੇ ਮਨ 'ਤੇ ਵੱਸੇ। ਉਸਨੇ ਲਿਖਤ ਆਗਿਆ ਦੇ ਦਿੱਤੀ ਜੋ ਕਿ ਉਹਨਾਂ ਪਾਸ ਅੱਜ ਵੀ ਮੌਜੂਦ ਹੈ। ਫਿਰ ਕਦੇ ਅੜਚਨ ਨਹੀਂ ਆਈ। (ਦਸਤਾਵੇਜ਼ ਪੰਨਾ ||)

ਬਿਲਾਵਲ ਮਹਲਾ ੫

ਅਰਦਾਸਿ ਸੁਣੀ ਦਾਤਾਰਿ, ਪ੍ਰਭਿ ਹੋਏ ਕਿਰਪਾਲ॥
ਰਾਖਿ ਲੀਆ ਅਪਨਾ ਸੇਵਕੋ, ਮੁਖਿ ਨਿੰਦਕ ਛਾਰੁ॥੧॥
ਤੁਝਹਿ ਨ ਜੋਹੈ ਕੋ ਮੀਤ ਜਨ, ਤੂੰ ਗੁਰ ਕਾ ਦਾਸ॥
ਪਾਰਬ੍ਰਹਮਿ ਤੂ ਰਾਖਿਆ, ਦੇ ਅਪਨੇ ਹਾਥ॥ ੨॥ ਰਹਾਉ॥
ਜੀਅਨ ਕਾ ਦਾਤਾ ਏਕੁ ਹੈ, ਬੀਆ ਨਹੀ ਹੋਰੁ॥
ਨਾਨਕ ਦੀ ਬੇਨੰਤੀਆ, ਮੈ ਤੇਰਾ ਜੋਰੁ॥ ੩॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੮੧੮

ਦੂਧ ਪੂਤ ਕੇ ਦਿਵਯਾ

ਸਤਿਗੁਰੂ ਸਭਨਾਂ ਦਾਤਾਂ ਦਾ ਮਾਲਕ ਹੈ। ਉਸ ਪਾਸ ਅਣਗਿਣਤ ਭੰਡਾਰ ਹਨ। ਉਹ ਜਦੋਂ ਮਿਹਰਬਾਨ ਹੋ ਜਾਂਦੇ, ਫਿਰ ਬਹਾਰਾਂ ਹੀ ਬਹਾਰਾਂ। ਘਰ ਵਿਚ ਖੇੜਾ ਆ ਜਾਂਦਾ ਹੈ। ਰੋਗ ਸੋਗ ਖੰਭ ਲਾ ਉੱਡ ਜਾਂਦੇ ਹਨ। ਅਸੰਭਵ, ਸੰਭਵ 'ਚ ਬਦਲ ਜਾਂਦਾ ਹੈ। ਉਹ ਸਤਿਗੁਰੂ, ਗੁਰੂ ਹਰਿ ਗੋਬਿੰਦ ਜੀ ਦੇ ਜਾਮੇਂ 'ਚ ਬੀਬੀ ਸੁਲੱਖਣੀ ਨੂੰ ਇਕ ਪੁੱਤਰ ਮੰਗਣ ਦੀ ਥਾਂ ਸੱਤ ਪੁੱਤਰ ਬਖਸ਼ ਦੇਂਦਾ ਹੈ।

ਲੇਕਿਨ ਵਰਤਮਾਨ ਜਾਮੇਂ 'ਚ ਉਹੀ ਸਤਿਗੁਰੂ ਇਕ ਅਲੌਕਕ ਘਟਨਾ ਰਚਦੇ ਨੇ।

ਸੰਨ 1969 ਦੌਰਾਨ ਫੌਜੀ ਨੌਕਰੀ ਸਮੇਂ ਮੇਰੇ (ਜਥੇਦਾਰ ਜੋਗਾ ਸਿੰਘ) ਇਕ ਸਾਥੀ ਸਨ-ਜਮੀਤ ਸਿੰਘ ਜੌਹਲ।

ਇਹ ਕੱਟੜ ਅਕਾਲੀ ਸੁਭਾਅ ਦੇ, ਮਾਸ ਤੇ ਸ਼ਰਾਬ ਵਰਤਣ ਵਾਲੇ ਸਨ। ਮੇਰਾ ਨਾਮਧਾਰੀਪੁਣਾ ਇਹਨਾਂ ਨੂੰ ਸੁਖਾਂਦਾ ਨਹੀਂ ਸੀ। ਮੈਂ ਜੌਹਲ ਜੀ ਨੂੰ "ਜੁਗ ਪਲਟਾਊ" ਪੁਸਤਕ ਪੜ੍ਹਨ ਨੂੰ ਦਿੱਤੀ। ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਪਰੰਪਰਾ ਦਾ ਇਤਿਹਾਸ ਵੀ ਦੱਸਿਆ। ਸਤਿਗੁਰੂ ਜੀ ਨੇ ਸੁਮੱਤ ਬਖਸ਼ੀ। ਪੁਸਤਕ ਪੜ੍ਹ ਕੇ ਆਖਣ ਲੱਗੇ-ਗੁਰੂ ਰਾਮ ਸਿੰਘ ਦਾ ਜੀਵਨ ਗੁਰੂ ਗੋਬਿੰਦ ਸਿੰਘ ਨਾਲ ਮਿਲਦਾ ਜੁਲਦਾ ਹੈ। ਤੇਵਰ ਕੁਝ ਨਰਮ ਪਏ। ਆਖਣ ਲਗੇ - ਚਲ ਰਹੀ ਗੁਰੂ ਪਰੰਪਰਾ ਬਾਰੇ ਮੈਂ ਅੰਧੇਰੇ ਵਿੱਚ ਸੀ।

ਜਮੀਤ ਸਿੰਘ ਦੇ ਘਰ ਔਲਾਦ ਨਹੀਂ ਸੀ। ਹਰ ਸਾਲ ਬਾਬਾ ਵਡਭਾਗ ਸਿੰਘ ਜੀ ਦੇ ਡੇਰੇ ਜਾਂਦੇ ਸਨ ਔਲਾਦ ਖਾਤਿਰ। ਇਸ ਵਾਰ ਜਦੋਂ ਗਏ ਤਾਂ ਅਗੋਂ ਪੁਛਾਂ ਦੇਣ ਵਾਲੀ ਇਕ ਮਾਈ ਨੇ ਆਖਿਆ-ਜਮੀਤ ਸਿੰਹਾ-ਪੁੱਤਰ ਤੈਨੂੰ ਇੱਥੋਂ ਨਹੀਂ ਮਿਲਣਾ। ਜੇ ਲੈਣਾ ਈ ਤਾਂ ਸਮੇਂ ਦੇ ਸਤਿਗੁਰੂ ਪਾਸ ਚਲਾ ਜਾਹ।

ਵਾਪਸ ਆਕੇ ਜਮੀਤ ਸਿੰਘ ਨੇ ਮੈਨੂੰ ਪੁੱਛਿਆ-ਸਮੇਂ ਦਾ ਸਤਿਗੁਰੂ ਕੌਣ ਹੈ। ਮੈਂ ਕਿਹਾ ਸਤਿਗੁਰੂ ਜਗਜੀਤ ਸਿੰਘ ਜੀ। ਆਖਣ ਲੱਗਾ, ਮਿਲਾਪ ਕਿਵੇਂ ਹੋ ਸਕਦਾ ਹੈ। ਮੈਂ ਕਿਹਾ- ਕੋਈ ਪ੍ਰੋਗਰਾਮ ਬਣਾ ਲਵਾਂਗੇ। ਥੋੜ੍ਹੇ ਦਿਨਾਂ ਬਾਅਦ ਸੰਤ ਕੁਲਦੀਪ ਸਿੰਘ ਜੰਮੂ ਦਾ ਸੁਨੇਹਾ ਆ ਗਿਆ-ਸਤਿਗੁਰੂ ਜੀ ਦਰਸ਼ਨ ਦੇ ਰਹੇ ਹਨ।

ਸਵੱਬ ਨਾਲ ਜਮੀਤ ਸਿੰਘ ਦੀ ਪਤਨੀ ਬੀਬੀ ਕਰਮੀ ਵੀ ਆਈ ਹੋਈ ਸੀ। ਜਥੇਦਾਰ ਜੀ ਤੇ ਉਹਨਾਂ ਦੋਵਾਂ ਅੰਮ੍ਰਿਤ ਵੇਲੇ ਸਣਕੇਸੀਂ ਇਸ਼ਨਾਨ ਕਰ, ਆਸਾ ਦੀ ਵਾਰ 'ਚ ਪਹੁੰਚ ਸਤਿਗੁਰੂ ਜੀ ਦੇ ਚਰਨ ਪਰਸੇ। ਭੋਗ ਉਪਰੰਤ ਸਤਿਗੁਰੂ ਜੀ ਨੂੰ ਸਾਰੀ ਵਾਰਤਾ ਅਰਜ਼ ਕੀਤੀ ਗਈ। ਸੰਤ ਦਰਸ਼ਨ ਸਿੰਘ ਰਾਗੀ ਨੂੰ ਹੁਕਮ ਹੋਇਆ-

ਭਜਨ ਦੱਸ ਦਿਓ। ਮੈਨੂੰ (ਲੇਖਕ) ਇਸ਼ਾਰਾ ਹੋਇਆ-ਇਹਨਾਂ ਨੂੰ ਸਾਰੀ ਮਰਯਾਦਾ ਸਮਝਾ ਦੇਣੀ।

ਗੁਰੂ ਅਰਜਨ ਦੇਵ ਜੀ ਦੇ ਫੁਰਮਾਨ "ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥ ਮਿਟਿਓ ਅੰਧੇਰ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥" ਅਨੁਸਾਰ ਜਮੀਤ ਸਿੰਘ ਦੇ ਸੁੱਤੇ ਭਾਗ ਜਾਗ ਪਏ। ਭਜਨ ਲੈਂਦਿਆਂ ਸਾਰ ਹੀ ਅਰਜ਼ ਕੀਤੀ ਮੇਰੇ ਘਰ ਚਰਨ ਪਾਓ। ਅਰਜ਼ ਪ੍ਰਵਾਨ ਹੋ ਗਈ। ਅੰਮ੍ਰਿਤਸਰ ਜ਼ਿਲ੍ਹੇ 'ਚ ਵਡਾਲਾ ਜੌਹਲ ਪਿੰਡ ਚਰਨ ਪਾਉਣ ਲਈ ਤਾਰੀਕ ਤੇ ਸਮਾਂ ਦੱਸ ਦਿੱਤਾ ਗਿਆ। ਹੁਕਮ ਹੋਇਆ - ਮੇਨ ਰੋਡ ਤੇ ਸਾਡੀ ਇੰਤਜ਼ਾਰ ਕਰੀਂ। ਇਹ ਵਾਰਤਾ 12 ਜਾਂ 13 ਸਤੰਬਰ 1969 ਦੀ ਹੈ।

ਜਮੀਤ ਸਿੰਘ ਘਰ ਜਾ ਕੇ ਸ਼ਰਾਬ ਦੇ ਘੜੇ ਭੰਨ੍ਹ ਦਿਤੇ। ਮੁਰਗੇ ਛੱਡ ਦਿਤੇ। ਪਿੰਡ ਦੇ ਕੱਚੇ ਰਸਤੇ ਨੂੰ ਠੀਕ ਕੀਤਾ। ਪਰਵਾਰ ਦੇ ਬਾਕੀ ਮੈਂਬਰਾਂ ਨੂੰ ਸੁਚੇਤ ਕੀਤਾ। ਪਿੰਡ ਦੇ ਨਾਮਧਾਰੀ ਸਿੱਖਾਂ ਦੇ ਵਿਚਾਰ ਸਨ-ਜਦੋਂ ਦੇ ਗੁਰ ਗੱਦੀ ਤੇ ਬੈਠੇ ਹਨ ਸਾਡੀਆਂ ਅਰਜ਼ਾਂ ਤੇ ਚਰਨ ਨਹੀਂ ਪਾਏ। ਇਹਦੀ ਅਰਜ਼ ਕਿਸ ਤਰ੍ਹਾਂ ਮਨਜ਼ੂਰ ਹੋ ਗਈ। ਸਾਨੂੰ ਤਾਂ ਆਸ ਨਹੀਂ ਦਰਸ਼ਨ ਦੇਣਗੇ। ਜਮੀਤ ਸਿੰਘ ਆਪਣੀ ਧੁੰਨ ਦਾ ਪੱਕਾ। ਆਖੇ ਜੰਮੂ ਮੇਰੀ ਸਿੱਧੀ ਅਰਜ਼ ਹੋਈ ਹੈ। ਜ਼ਰੂਰ ਔਣਗੇ। ਨਾਲੇ ਜੱਟ ਹੋਣ ਕਰਕੇ ਧੰਨੇ ਭਗਤ ਵਾਂਗ ਪੂਰੀ ਅੜਬਾਈ।

15 ਸਤੰਬਰ 1969 ਨੂੰ ਜ਼ੋਰ ਦੀ ਬਾਰਸ਼ ਹੋਈ ਤੇ ਪਿੰਡ ਦਾ ਰਸਤਾ ਕਾਰ ਦੇ ਯੋਗ ਨਾ ਰਿਹਾ। ਪਰ ਜਮੀਤ ਸਿੰਘ ਦਾ ਅਟੱਲ ਵਿਸ਼ਵਾਸ। ਛੱਤਰੀ ਲੈ ਸੜਕ ਕਿਨਾਰੇ ਜਾ ਖਲੋਤਾ। ਚਿੱਟਾ ਸਤਿਜੁਗੀ ਝੰਡਾ ਲਹਿਰਾਂਦੀ ਸਤਿਗੁਰੂ ਜੀ ਦੀ ਕਾਰ ਜਮੀਤ ਸਿੰਘ ਪਾਸ ਰੁਕੀ। ਜਮੀਤ ਸਿੰਘ ਝਿੱਝਕੇ-ਰਸਤਾ ਖਰਾਬ ਹੋ ਗਿਆ ਹੈ। ਕਾਰ ਕਿਵੇਂ ਪਿੰਡ ਪਹੁੰਚੇਗੀ। ਸਤਿਗੁਰੂ ਜੀ ਬਚਨ ਕੀਤਾ-ਕਾਰ 'ਚ ਬੈਠ ਤੇਰੇ ਘਰ ਚਲੀਏ।

ਪਿੰਡ ਦੇ ਨੇੜੇ ਪਹੁੰਚ ਕਾਰ ਚਿੱਕੜ 'ਚ ਫੱਸ ਗਈ। ਜਮੀਤ ਸਿੰਘ ਅਰਜ਼ ਕੀਤੀ-ਆਗਿਆ ਹੋਵੇ ਬਲਦਾਂ ਦੀ ਜੋੜੀ ਲੈ ਆਉਂਦਾ ਹਾਂ। ਰੱਸਾ ਪਾ, ਖਿੱਚ ਕੇ ਕਾਰ ਕੱਢ ਲਵਾਂਗੇ। ਹੁਕਮ ਹੋਇਆ-ਸਾਰੇ ਕਾਰ 'ਚੋਂ ਉੱਤਰ ਜਾਓ। ਸਤਿਗੁਰੂ ਜੀ ਆਪ ਸਟੇਅਰਿੰਗ ਸੰਭਾਲਿਆ। ਤੱਦ ਹੀ ਪਤਾ ਲੱਗਾ ਜਦ ਕਾਰ ਦੂਰ ਸੁੱਕੀ ਜਗ੍ਹਾ 'ਤੇ ਖਲੋਤੀ ਸੀ ਤੇ ਪਾਤਸ਼ਾਹ ਜੀ ਇਸ਼ਾਰਾ ਕਰ ਰਹੇ ਸੀ, ਆ ਜਾਓ, ਚਲੀਏ। ਜਮੀਤ ਸਿੰਘ ਇਹ ਕੌਤਕ ਦੇਖ ਅਸਚਰਜ ਹੋਇਆ।

ਸਤਿਗੁਰੂ ਜੀ ਚਰਨ ਪਾ ਖੁਸ਼ੀਆਂ ਬਖਸ਼ੀਆਂ। ਦੋਨਾਂ ਜੀਆਂ ਪੁੱਤਰ ਦੀ ਦਾਤ ਲਈ ਅਰਜ਼ ਕੀਤੀ। ਹੁਕਮ ਹੋਇਆ-ਇਕ ਮਾਲਾ ਭਜਨ ਦੀ, ਇਕ ਭਗਉਤੀਆਂ

ਦੀ, 40 ਦਿਨ ਫੇਰ ਕੇ ਸਤਿਗੁਰੂ ਪ੍ਰਤਾਪ ਸਿੰਘ ਦੇ ਚਰਨਾਂ 'ਚ ਅਰਦਾਸ ਕਰੋ- ਸਤਿਗੁਰੂ ਕ੍ਰਿਪਾ ਕਰਨਗੇ। ਭਜਨ ਬੰਦਗੀ ਸ਼ੁਰੂ ਹੋ ਗਈ।

ਥੋੜ੍ਹੇ ਚਿਰ ਪਿਛੋਂ ਬੀਬੀ ਕਰਮੀ ਨੇ ਇਕ ਖੱਤ ਲਿਖ ਸਤਿਗੁਰੂ ਜੀ ਦੇ ਚਰਨਾਂ 'ਚ ਪੁੱਤਰ ਲਈ ਫਿਰ ਯਾਚਨਾ ਕੀਤੀ। ਭੋਲੀ ਭਾਲੀ ਬੀਬੀ ਨੇ ਖੱਤ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਵਾਲੇ ਕੌਤਕ ਦਾ ਹਵਾਲਾ ਦੇਂਦੇ ਸਮੇਂ ਉਲਟ ਲਿਖ ਦਿਤਾ— ਲਿਖਣਾ ਸੀ— "ਬੀਬੀ ਸੁਲੱਖਣੀ ਨੇ ਇਕ ਪੁੱਤਰ ਮੰਗਿਆ ਸੀ ਤੁਸਾਂ ਸੱਤ ਦੇ ਦਿੱਤੇ ਸਨ", ਪਰ ਲਿਖ ਦਿੱਤਾ- "ਬੀਬੀ ਸੁਲੱਖਣੀ ਨੇ ਸੱਤ ਪੁੱਤਰ ਮੰਗੇ ਸਨ ਤੁਸਾਂ ਇਕ ਦਿੱਤਾ ਸੀ"। ਐਸਾ ਲਿਖਣ ਕਾਰਨ ਫਿਰ ਅਰਜ਼ ਵੀ ਇਕ ਪੁੱਤਰ ਦੀ ਹੀ ਪ੍ਰਵਾਨ ਹੋਈ(ਚਿੱਠੀ ਪੰਨਾ III)। ਪੱਤਰ ਦਾ ਉੱਤਰ, ਹੁਕਮ ਅਨੁਸਾਰ ਨਿੱਜੀ ਸਕੱਤਰ ਗੁਰਭਜਨ ਸਿੰਘ ਜੀ ਨੇ ਲਿਖਿਆ ਕਿ ਅਰਦਾਸ ਹੋ ਗਈ ਹੈ (ਉੱਤਰ ਪੰਨਾ VI)। ਵਾਹ! ਸਤਿਗੁਰੂ ਜਗਜੀਤ ਸਿੰਘ ਤੇਰੇ ਖੇਲ ਨਿਆਰੇ-ਜਿਸ ਦਿਨ ਅਰਦਾਸ ਹੋਈ ਉਸੇ ਦਿਨ ਬੀਬੀ ਕਰਮੀ ਦੀ ਕੁੱਖ ਨੂੰ ਭਾਗ ਲਗ ਗਿਆ ਅਤੇ ਪੁੱਤਰ ਦੀ ਦਾਤ ਪ੍ਰਾਪਤ ਹੋਈ।

ਉਸ ਲੜਕੇ ਦਾ ਨਾਮ ਰਵਿੰਦਰ ਸਿੰਘ ਜੌਹਲ ਹੈ (ਤਸਵੀਰਾਂ ਪੰਨਾ V)। ਅੱਜ ਕਲ ਪੰਜਾਬ ਪੁਲਿਸ ਵਿਚ ਅੰਮ੍ਰਿਤਸਰ ਨੌਕਰੀ ਕਰਦਾ ਹੈ। ਸ਼ਹੀਦੀ ਸਥਾਨ ਤੇ ਜਾ ਕੇ ਪਰਵਾਰ ਸਹਿਤ ਸਾਧ ਸੰਗਤ ਦੀ ਸੇਵਾ ਕਰਦਾ ਹੈ। ਸਾਰੇ ਪਰਵਾਰ ਦੀ ਸਤਿਗੁਰੂ ਜੀ ਦੇ ਪ੍ਰਤੀ ਅਥਾਹ ਸ਼ਰਧਾ ਹੈ।

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ
ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਦਾਨ ਹੋ॥
ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵਯਾ
ਰੋਗ ਸੋਗ ਕੇ ਮਿੱਟਯਾ ਕਿਧੌਂ ਮਾਨੀ ਮਹਾਂ ਮਾਨ ਹੋ॥
ਬਿਦਿਆ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ
ਕਿ ਸਿਧਤਾ ਕੀ ਸੂਰਤਿ ਹੋ ਕਿ ਸੁਧਤਾ ਕੀ ਸਾਨ ਹੋ॥
ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ
ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ॥

ਗੁਰੂ ਗੋਬਿੰਦ ਸਿੰਘ – ਅਕਾਲ ਉਸਤਤ- ॥੧੯॥

ਹਉ ਆਕਲ ਬਿਕਲ ਭਈ ਗੁਰ ਦੇਖੇ

ਜਿਸਤਰਾਂ ਮੱਛੀ ਦਾ ਜੀਵਨ ਪਾਣੀ ਹੈ, ਇਸੇ ਤਰਾਂ ਸਿੱਖ ਦਾ ਜੀਵਨ ਹੈ- ਸਤਿਗੁਰੂ ਦਾ ਦਰਸ਼ਨ, ਉਸਦੇ ਚਰਨਾਂ ਦੀ ਪ੍ਰੀਤ। ਫਿਰ ਜਦੋਂ ਦਰਸ ਦੇ ਪਿਆਸੇ ਪਪੀਹੇ ਨੂੰ ਸੁਾਤੀ ਬੂੰਦ ਮਿਲ ਜਾਵੇ ਤਾਂ ਉਹ ਤ੍ਰਿਪਤ ਹੋ ਜਾਂਦਾ ਹੈ। ਤਨ, ਮਨ ਫੁੱਲ ਦੀ ਤਰਾਂ ਖਿੜ ਜਾਂਦਾ ਹੈ। ਉਸਦੇ ਜੀਵਨ ਦੀ ਮੰਜ਼ਲ ਮਿਲ ਜਾਂਦੀ ਹੈ। ਐਸੇ ਸਮੇਂ, ਕਈ ਵਾਰ ਸਿੱਖ ਦੀ ਮਸਤ ਦਸ਼ਾ ਆਪਾ ਭੁਲਾ ਦੇਂਦੀ ਹੈ।

ਸੰਨ 1969, ਪਿੰਡ ਗੜ੍ਹਪਧਾਣਾ (ਜਲੰਧਰ), ਸੰਤ ਗੁਰਬਚਨ ਸਿੰਘ, ਸੰਤ ਗਿਆਨ ਸਿੰਘ ਹੁਰਾਂ ਦੇ ਘਰ ਅਖੰਡ ਪਾਠ ਦੇ ਭੋਗ ਸਮੇਂ ਸਤਿਗੁਰੂ ਜੀ ਨੇ ਆਸਾ ਦੀ ਵਾਰ ਵੇਲੇ ਦਰਸ਼ਨ ਦੇਣੇ ਸਨ। ਸ੍ਰੀ ਭੈਣੀ ਸਾਹਿਬ ਤੋਂ ਇਹ ਪਿੰਡ 65 ਕਿਲੋਮੀਟਰ ਦੇ ਕਰੀਬ ਹੈ। ਪਰਵਾਰ ਵਾਲਿਆਂ ਦੀ ਸੋਚ ਸੀ, ਇਤਨੀ ਦੂਰੋਂ 6 ਵਜੇ ਤੋਂ ਪਹਿਲਾਂ ਸਤਿਗੁਰੂ ਜੀ ਨਹੀਂ ਪਹੁੰਚ ਸਕਣਗੇ। ਇਸ ਕਰਕੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਅਤੇ ਆਸਾ ਦੀ ਵਾਰ ਦੇ ਅਰੰਭ ਕਰਨ 'ਚ ਆਲਸ ਵਰਤੀ।

ਜਥੇਦਾਰ ਜੋਗਾ ਸਿੰਘ ਇਸ਼ਨਾਨ ਕਰਕੇ ਸਾਢੇ ਕੁ ਚਾਰ ਵਜੇ ਅਖੰਡ ਪਾਠ ਵਾਲੀ ਥਾਂ ਦੇ ਦਰਵਾਜ਼ੇ ਪਾਸ ਖਲੋਤੇ ਸੀ। ਸਰਦੀਆਂ ਦੇ ਦਿਨ ਸਨ, ਅਜੇ ਅੰਧੇਰਾ ਸੀ। ਜਿਸ ਰਸਤਿਉਂ ਸਤਿਗੁਰੂ ਜੀ ਨੇ ਆਉਣਾ ਸੀ ਉਧਰੋਂ ਥੱਲੇ ਆਉਣ ਲਈ ਢਲਾਨ ਸੀ। ਸਤਿਗੁਰੂ ਜੀ ਨੇ ਗੱਡੀ ਦਾ ਇੰਜਨ ਢਲਾਨ ਤੋਂ ਪਹਿਲਾਂ ਹੀ ਬੰਦ ਕਰਵਾ ਦਿੱਤਾ। ਸੋ ਤਦ ਹੀ ਪਤਾ ਲੱਗਾ ਜਦੋਂ ਚੁੱਪ-ਚਪੀਤੀ ਕਾਰ ਦਰਵਾਜੇ ਪਾਸ ਆਣ ਖਲੋਤੀ। ਸਤਿਗੁਰੂ ਜੀ ਦੇ ਦਰਸ਼ਨ ਕੀਤਿਆਂ ਜਥੇਦਾਰ ਜੀ ਨੂੰ ਸਾਲ ਹੋ ਗਿਆ ਸੀ। ਅੰਦਰ ਬਹੁਤ ਖਿੱਚ ਸੀ। ਸਤਿਗੁਰੂ ਜੀ ਚਾਦਰ ਦੀ ਬੁੱਕਲ ਮਾਰੀ ਹੋਈ ਕਾਰ ਤੋਂ ਬਾਹਰ ਪਵਿੱਤਰ ਚਰਨ ਧਰਤੀ ਨੂੰ ਛੋਹੇ। ਬਿਰਤੀ ਐਸੀ ਮਸਤਾਨੀ ਹੋਈ, ਚਰਨਾਂ ਤੇ ਮੱਥਾ ਟੇਕਣ ਦੀ ਬਜਾਏ, ਜਥੇਦਾਰ ਜੀ ਨੇ ਗਲਵੱਕੜੀ ਪਾ ਲਈ। ਮਸਤਾਨੀ ਦਸ਼ਾ ਪ੍ਰਥਾਇ ਗੁਰਬਾਣੀ ਦੀ ਇਹ ਤੁਕ ਯਾਦ ਆਉਂਦੀ ਹੈ-"ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟਿ ਪੋਟਿ ਹੋਇ ਪਈਆ॥" ਧੰਨ ਹਨ ਸਤਿਗੁਰੂ ਜਗਜੀਤ ਸਿੰਘ ਜੀ-ਇਕ ਰਸ ਖਲੋਤੇ ਰਹੇ ਜਿਵੇਂ ਜਣਾ ਰਹੇ ਹੋਣ-ਤੂੰ ਜਿੰਨਾ ਚਿਰ ਚਾਹੇ ਗਲਵੱਕੜੀ

ਪਾਈ ਰੱਖ। ਜਦੋਂ ਤ੍ਰਿਪਤੀ ਹੋ ਗਈ, ਅਗੇ ਟੁਰੇ।

ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਅਣਮਿਥੇ ਹੀ ਸਾਹਮਣੇ ਮਾਸ-ਸ਼ਰਾਬ ਵਰਤਣ ਵਾਲੇ ਕੇਸਰ ਸਿੰਘ ਜੱਟ ਦੇ ਘਰ ਪ੍ਰਵੇਸ਼ ਕਰ ਗਏ। ਘਰ ਵਿਚ ਸ਼ਿਕਾਰੀ ਕੁੱਤੇ ਤੇ ਸ਼ਰਾਬ ਦੀਆਂ ਬੋਤਲਾਂ। ਮੀਤੋ, ਪਤਨੀ ਨੇ ਮੱਥਾ ਟੇਕਿਆ ਤੇ ਰਜਾਈ ਲਪੇਟ ਸੁੱਤੇ ਪਤੀ ਨੂੰ ਸੁਚੇਤ ਕੀਤਾ। ਉਹ ਸਹਿਜ ਅਵਸਥਾ ਨਾਲ ਹੀ ਉਠਿਆ। ਰਜਾਈ ਦੀ ਬੁੱਕਲ ਮਾਰ ਮੰਜੇ ਉੱਤੇ ਹੀ ਪਾਸੇ ਹੋ ਬੈਠ ਗਿਆ। ਮੰਜੇ ਉੱਤੇ ਖਾਲੀ ਜਗ੍ਹਾ ਵਲ ਇਸ਼ਾਰਾ ਕਰਕੇ ਆਖਿਆ-ਏਥੇ ਬਹਿ ਜਾਉ। ਸਤਿਗੁਰੂ ਜੀ ਮੰਜੇ ਤੇ ਬੈਠ ਗਏ। ਉਸਨੂੰ ਕਲਿਆਣਕਾਰੀ ਦਰਸ਼ਨ ਦੇ ਕੇ ਬਾਹਰ ਆ ਗਏ। ਜੱਟ ਫਿਰ ਰਜਾਈ ਲੈ ਕੇ ਪੈ ਗਿਆ। ਸਤਿਗੁਰੂ ਜੀ ਬਾਹਰ ਆ ਆਗਿਆ ਕੀਤੀ - ਸਭ ਆਪੋ ਆਪਣੇ ਘਰ ਪਹੁੰਚੋ, ਮੈਂ ਆ ਰਿਹਾ ਹਾਂ। ਸਭ ਘਰਾਂ 'ਚ ਦਰਸ਼ਨ ਦੇਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ।
ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ ॥ ਰਹਾਓ॥
ਹਉ ਨਿਰਖਤ ਫਿਰਉ ਸਭ ਦੇਸ ਦਿਸੰਤਰ
ਮੈ ਪ੍ਰਭ ਦੇਖਨ ਕੋ ਬਹੁਤ ਮਨਿ ਚਈਆ॥
ਮਨੁ ਤਨੁ ਕਾਟਿ ਦੇਉ ਗੁਰ ਆਗੈ
ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੮੩੬

ਮੇਰੀ ਮਤਿ ਥੋਰੀ ਰਾਮ

ਸਤਿਗੁਰੂ ਸਮਰਥ ਹੈ। ਭੂਤ ਕਾਲ, ਵਰਤਮਾਨ ਕਾਲ, ਭਵਿੱਖ ਕਾਲ ਸਭ ਉਸਦੀ ਮੁੱਠੀ ਵਿਚ ਹਨ। ਉਹਨਾਂ ਨੂੰ ਪਤਾ ਹੁੰਦੈ ਕਲ੍ਹ ਕੀ ਹੋਣ ਵਾਲਾ ਹੈ। ਪਰ ਸਿੱਖ ਅਲਪੱਗ ਜੀਵ ਹੈ। ਇਸਦੀ ਮੱਤ ਥੋੜ੍ਹੀ ਹੈ। ਇਸ ਮਹਾਂ ਸੂਰਜ ਰੂਪੀ ਸੱਤਿਗੁਰੂ ਸਾਹਮਣੇ ਸਿੱਖ ਮੋਮਬੱਤੀ ਦੀ ਰੋਸ਼ਨੀ ਸਮਾਨ ਹੈ। ਕਦੇ ਐਸਾ ਸਮਾਂ ਬਣ ਜਾਂਦਾ ਹੈ ਜਦ ਸਤਿਗੁਰੂ ਤਾਂ ਸਿੱਖ ਦੇ ਭਲੇ ਲਈ ਆਗਿਆ ਕਰ ਰਹੇ ਹੁੰਦੇ ਨੇ, ਪਰ ਅਲਪ ਮੱਤ ਕਾਰਨ ਸਿੱਖ ਉਸ ਸਮੇਂ ਸਤਿਗੁਰੂ ਦੇ ਬਚਨ ਦੀ ਪਾਲਨਾ ਨਹੀਂ ਕਰਦਾ। ਜਦੋਂ ਸਿੱਖ ਦੀ ਆਪਣੀ ਮੱਤ ਦੀ ਸੋਚ ਫੇਲ੍ਹ ਜਾਂਦੀ ਹੈ ਫਿਰ ਪਛਤਾਵਾ ਕਰਦਾ ਹੈ ਕਿ ਸਤਿਗੁਰੂ ਦਾ ਬਚਨ ਮੰਨਣ 'ਚ ਹੀ ਭਲਾ ਸੀ।

ਸੰਨ 1969 'ਚ ਜਥੇਦਾਰ ਜੋਗਾ ਸਿੰਘ ਲੈਫਟੀਨੈਂਟ ਬਨਣ ਦੀ ਪਰੀਖਿਆ ਦੀ ਤਿਆਰੀ ਕਰ ਰਹੇ ਸਨ। ਕੰਵਾਰੇ (Bachelor) ਵਿਦਿਆਰਥੀ ਨੂੰ ਪਹਿਲ ਦਿੱਤੀ ਜਾਂਦੀ ਸੀ। ਸਤਿਗੁਰੂ ਜੀ ਦੀ ਇੱਛਾ ਸੀ, ਉਹਨਾਂ ਦਾ ਅਨੰਦ ਕਾਰਜ ਕਰਨ ਦੀ। ਉਹ ਰਾਜ਼ੀ ਨ ਹੋਏ। ਇਮਤਿਹਾਨ 'ਚ ਫੇਲ੍ਹ ਹੋ ਗਏ। ਜਦੋਂ ਸਤਿਗੁਰੂ ਜੀ ਨੂੰ ਅਰਜ਼ ਕੀਤੀ-ਤਿੰਨ ਵਾਰ ਬਚਨ ਕੀਤਾ "ਚੰਗਾ ਹੋਇਐ ਫੇਲ੍ਹ ਹੋ ਗਿਐ।" ਜਥੇਦਾਰ ਜੀ ਪਛਤਾਏ - ਬਚਨ ਨ ਮੰਨਿਆ, ਫੇਲ੍ਹ ਵੀ ਹੋ ਗਏ।

ਸਤਿਗੁਰੂ ਜੀ ਜੰਮੂ ਦਰਸ਼ਨ ਦਿੱਤੇ। ਹੁਕਮ ਕੀਤਾ ਤੇਰਾ ਅਨੰਦ ਕਾਰਜ ਕਰਨਾ ਹੈ। ਉਹਨਾਂ ਪਹਿਲਾਂ ਹੋਈ ਭੁੱਲ ਲਈ ਬਖਸ਼ਿਸ਼ ਮੰਗੀ ਅਤੇ ਅਨੰਦ ਕਾਰਜ ਲਈ ਰਾਜ਼ੀ ਹੋ ਗਏ। ਸਤਿਗੁਰੂ ਜੀ ਹੁਕਮ ਕੀਤਾ - 18 ਸਤੰਬਰ, ਦੁਪਹਿਰ 12 ਵਜੇ ਤਕ ਸ੍ਰੀ ਭੈਣੀ ਸਾਹਿਬ ਪਹੁੰਚ ਜਾਵੀਂ। ਜਥੇਦਾਰ ਜੀ ਸਤ ਬਚਨ ਆਖ ਸਿਰ ਝੁਕਾਇਆ ਤੇ ਮਿਥੇ ਸਮੇਂ ਅਨੁਸਾਰ ਸ੍ਰੀ ਭੈਣੀ ਸਾਹਿਬ ਪਹੁੰਚ ਗਏ।

ਕੋਠੀ ਅਗੇ ਬੋਹੜ ਪਾਸ ਜਾ ਕੇ ਸਤਿਗੁਰੂ ਜੀ ਬਾਰੇ ਪਤਾ ਕੀਤਾ। ਪਤਾ ਲੱਗਾ ਕਿ ਬੀੜ ਵਾਲੀ ਜ਼ਮੀਨ ਤੇ ਗਏ ਹਨ। ਮਨ ਵਿਚ ਵਿਚਾਰ ਆ ਗਿਆ-ਮੈਨੂੰ ਟਾਈਮ ਦੇ ਕੇ ਆਪ ਬੀੜ ਨੂੰ ਚਲੇ ਗਏ। ਇਕ ਦੋ ਮਿੰਟ ਹੋਏ, ਸਤਿਗੁਰੂ ਜੀ ਦੀ ਕਾਰ ਆ ਗਈ। ਦਰਵਾਜ਼ਾ ਖੁਲ੍ਹਦੇ ਸਾਰ ਹੀ, ਉਹ ਮੱਥਾ ਟੇਕਣ ਲਈ ਝੁੱਕੇ। ਜਦੋਂ ਸਿਰ ਉਤਾਂਹ ਕੀਤਾ - ਸਤਿਗੁਰੂ ਜੀ ਸੀਟ ਤੇ ਨਹੀਂ ਸਨ। ਜਥੇਦਾਰ ਜੀ ਸੋਚਣ ਲੱਗੇ, ਇੱਧਰ ਮੈਂ ਖਲੋਤਾ ਹਾਂ, ਪਰਲੇ ਬੰਨੇ ਮਾਤਾ ਜੀ ਬੈਠੇ ਹਨ। ਕਿਹੜੇ ਪਾਸਿਓਂ ਬਾਹਰ

ਚਲੇ ਗਏ। ਸਤਿਗੁਰੂ ਜੀ, ਉਹਨਾਂ ਦੇ ਪਿਛਲੇ ਪਾਸਿਓਂ ਕੰਨ ਫੜ, ਪਿਆਰ ਭਰੀ, ਹਲਕੀ ਜਿਹੀ ਚਪੇੜ ਮਾਰ ਆਖਿਆ-ਮੈਂ ਇੱਧਰ ਖਲੋਤਾ ਹਾਂ। ਉਹ ਕੌਤਕ ਦੇਖ ਅਸਚਰਜ ਹੋਏ ਤੇ ਖੁਸ਼ ਵੀ। 21 ਸਤੰਬਰ ਨੂੰ ਸਤਿਗੁਰੂ ਜੀ, ਅਪਣੀ ਰਜ਼ਾ ਅਨੁਸਾਰ ਅਨੰਦ ਕਾਰਜ ਕਰ ਦਿੱਤਾ।

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥
ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥
ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥
ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚ ਇਆਨਾ॥
ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ॥
ਨਾਨਕ ਸਰਨਿ ਸਮਰਥੁ ਸੁਆਮੀ ਪੈਜ ਰਾਖਹੁ ਮੋਰੀ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੫੪੭

ਅਨਦ ਬਿਨੋਦੀ ਖਸਮ ਹਮਾਰਾ

ਸਤਿਗੁਰੂ ਹਮੇਸ਼ਾ ਹੀ ਸਿੱਖ ਲਈ ਚਾਨਣ ਮੁਨਾਰਾ ਹਨ। ਇਸ ਨਾਲ ਜੁੜਿਆਂ ਸਿੱਖ ਦਾ ਜੀਵਨ ਉੱਚਾ ਹੋ ਜਾਂਦਾ ਹੈ। ਸਿੱਖ ਦੁਨਿਆਵੀ ਸ਼ਿੰਗਾਰਾਂ ਤੋਂ ਰਹਿਤ ਹੋ, ਗੁਰਮਤ ਦੀ ਸੁੰਦਰਤਾਂ ਨਾਲ ਜੀਵਨ ਸਫ਼ਲ ਕਰਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਕਿੰਨੀ ਸਰਲਤਾ ਨਾਲ ਗੁਰਮਤ ਦੀ ਸਿੱਖਿਆ ਦੇਂਦੇ ਨੇ- ਇਕ ਮਿਸਾਲ ਇਸ ਤਰਾਂ ਹੈ-

ਇਕ ਵੇਰ ਸ੍ਰੀ ਭੈਣੀ ਸਾਹਿਬ ਵਿਖੇ ਜਥੇਦਾਰ ਜੋਗਾ ਸਿੰਘ ਸਿਰ ਤੇ ਰੁਮਾਲੀ ਲਈ ਤੁਰੇ ਜਾ ਰਹੇ ਸੀ। ਅੱਗੇ ਖੂਹੀ ਆ ਗਈ ਤੇ ਜਲ ਛੱਕਣ ਵੇਲੇ ਸਿਰ ਤੋਂ ਰੁਮਾਲੀ ਉਤਾਰ ਲਈ। ਡਰ ਸੀ ਕਿ ਸਿਰ ਨੀਵਾਂ ਹੋਣ ਵੇਲੇ ਡਿੱਗ ਨਾ ਪਵੇ। ਜਲ ਛੱਕ ਕੇ ਹਟੇ। ਕੀ ਦੇਖਿਆ? ਸਤਿਗੁਰੂ ਜੀ ਪਾਸ ਖਲੋਤੇ ਹਨ। ਬਚਨ ਕੀਤਾ-ਤੂੰ ਸਿਰ ਢੱਕ ਕੇ ਆ ਰਿਹਾ ਸੀ ਪਰ ਜਲ ਛੱਕਣ ਵੇਲੇ ਸਿਰ ਨੰਗਾ ਕਰ ਲਿਆ। ਜਲ ਸਿਰ ਢੱਕ ਕੇ ਹੀ ਛੱਕਣਾ ਚਾਹੀਦੈ। ਉਹਨਾਂ ਦੀਆਂ ਅੱਖਾਂ ਵਿਚ ਸੁਰਮਾ ਪਾਇਆ ਹੋਇਆ ਸੀ। ਅੱਖਾਂ ਵਲ ਵੇਖ ਕੇ ਬਚਨ ਕੀਤਾ-ਤੂੰ ਮੈਨੂੰ ਸੁਰਮੇ ਬਗੈਰ ਹੀ ਸੋਹਣਾ ਲੱਗਦੈਂ। ਅਸਚਰਜ ਹੋਇਆ ਪਤਾ ਨਹੀਂ ਕਦੋਂ ਦੇ ਪਿੱਛਾ ਕਰਦੇ ਆ ਰਹੇ ਨੇ। ਮੱਥਾ ਟੇਕਿਆ। ਸਤਿਗੁਰੂ ਜੀ ਫਿਰ ਕਿੱਧਰ ਨੂੰ ਚਲੇ ਗਏ, ਪਤਾ ਹੀ ਨਹੀਂ ਲੱਗਾ। ਬਚਨ ਯਾਦ ਰੱਖੇ- ਨੰਗੇ ਸਿਰ ਕੁੱਝ ਵੀ ਨਹੀਂ ਛੱਕਣਾ ਤੇ ਅੱਜ ਤੋਂ ਬਾਅਦ ਕਦੇ ਸੁਰਮਾ ਨਹੀਂ ਪਾਉਣਾ। ਬਿਨੋਦੀ ਸਤਿਗੁਰੂ, ਬਿਨੋਦੀ ਢੰਗ ਨਾਲ ਮਰਯਾਦਾ ਸਮਝਾ ਗਏ।

ਆਸਾ ਮਹਲਾ ੫

ਦੂਖ ਘਨੋ ਜਬ ਹੋਤੇ ਦੂਰਿ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥ ੧॥
ਚੁਕਾ ਨਿਹੋਰਾ ਸਖੀ ਸਹੇਰੀ॥ ਭਰਮੁ ਗਇਆ ਗੁਰਿ ਪਿਰ ਸੰਗ ਮੇਰੀ॥ ਰਹਾਉ॥
ਨਿਕਟ ਆਨਿ ਪ੍ਰਿਅ ਸੇਜ ਧਰੀ। ਕਾਣਿ ਕਢਨ ਤੇ ਛੂਟਿ ਪਰੀ॥
ਮੰਦਰਿ ਮੇਰੈ ਸਬਦਿ ਉਜਾਰਾ॥ ਅਨਦ ਬਿਨੋਦੀ ਖਸਮ ਹਮਾਰਾ॥
ਮਸਤਕਿ ਭਾਗੁ ਮੈ ਪਿਰੁ ਘਰਿ ਆਇਆ॥ ਥਿਰੁ ਸੋਹਾਗੁ ਨਾਨਕ ਜਨ ਪਾਇਆ॥
ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੩੮੪

ਕਹੂੰ ਸਾਧਨਾ ਕਰਤ ਹੋ

ਪਿਆਰੇ ਪ੍ਰੀਤਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਲੀਲ੍ਹਾ ਪਰੇ ਤੋਂ ਪਰੇ। ਇਸਦਾ ਪਾਰਵਾਰ ਕੋਈ ਨਹੀਂ ਪਾ ਸਕਦਾ। ਨਿਤ ਨਵੀਆਂ ਖੇਡਾਂ। ਕਈ ਸੇਵਕ, ਸੇਵਾ ਕਰ, ਖੁਸ਼ੀਆਂ ਲੈ ਟੁਰੇ, ਪਰ "ਬੇਅੰਤ" ਦੀ ਰਮਜ਼ ਪੂਰੀ ਤਰ੍ਹਾਂ ਸਮਝ ਨਹੀਂ ਆਈ। ਬੱਸ, ਰਜ਼ਾ 'ਚ ਰਹਿਣਾ ਹੀ ਭਲਾ।

ਸੰਨ 1969, ਦ੍ਰਿਸ਼ ਸ੍ਰੀ ਭੈਣੀ ਸਾਹਿਬ ਦਾ ਹੈ। ਸਤਿਗੁਰੂ ਜੀ ਦੀ ਸਫ਼ੇਦ ਐਮਬੈਸਅਡਰ ਕਾਰ ਕੋਠੀ ਅਗੇ ਬੋਹੜ ਪਾਸ ਰੁਕੀ ਹੈ। ਡਰਾਇਵਰ ਦੇ ਪਾਸ ਦੀ ਸੀਟ 'ਤੇ ਸੰਤ ਰਤਨ ਸਿੰਘ ਲਾਂਗਰੀ। ਪਿੱਛਲੀ ਸੀਟ 'ਤੇ ਸਤਿਗੁਰੂ ਜੀ ਅਤੇ ਮਾਤਾ ਚੰਦ ਕੌਰ ਜੀ। ਕੁੱਝ ਸਰੀਰ ਮੱਥਾ ਟੇਕਣ ਦੀ ਇੰਤਜ਼ਾਰ 'ਚ ਖਲੋਤੇ ਹਨ, ਪਰ ਸਤਿਗੁਰੂ ਜੀ ਹੱਥ ਵਿਚ ਆਪਣੇ ਪਊਏ ਫੜ੍ਹੀ, ਕਾਰ 'ਚੋਂ ਉੱਤਰ, ਤੇਜ਼ੀ ਨਾਲ, ਕੋਠੀ 'ਚ ਪ੍ਰਵੇਸ਼ ਕਰ ਗਏ। ਸੰਤ ਰਤਨ ਸਿੰਘ ਜੀ, ਸਤਿਗੁਰੂ ਜੀ ਪਿੱਛੇ ਜਲਦੀ ਨਾਲ ਤੁਰੇ, ਪਰ ਪਹੁੰਚ ਤੋਂ ਬਾਹਰ – ਸਤਿਗੁਰੂ ਜੀ ਕੋਠੀ ਵਿਚ ਨਾ ਲੱਭੇ। ਕੁਟੀਆ ਵੱਲ ਗਏ। ਅਜਬ ਨਜ਼ਾਰਾ ਵੇਖਦੇ ਨੇ। ਸਤਿਗੁਰੂ ਜੀ ਇਸ਼ਨਾਨ ਕਰਕੇ, ਸਮਾਧੀ ਸਥਿਤ ਹੋ, ਮਾਲਾ ਫੜ੍ਹ, ਭਜਨ ਕਰ ਰਹੇ ਸਨ। ਸੰਤ ਜੀ ਇਹ ਕੌਤਕ ਦੇਖ ਅਸਜਰਜ ਹੋਏ ਆਖਣ – ਇਹ "ਸਮਰਥ" ਸਤਿਗੁਰੂ ਨੇ।

ਕਹੂੰ ਜਟਾ ਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ
ਕਹੂੰ ਜੋਗ ਸਾਧੀ ਕਹੂੰ ਸਾਧਨਾ ਕਰਤ ਹੋ॥
ਕਹੂੰ ਕਾਨ ਫਾਰੇ ਕਹੂੰ ਡੰਡੀ ਹੋਇ ਪਧਾਰੇ
ਕਹੂੰ ਫੂਕ ਫੂਕ ਪਾਵਨ ਕਉ ਪ੍ਰਿਥੀ ਪੈ ਧਰਤ ਹੋ॥
ਕਤਹੂੰ ਸਿਪਾਹੀ ਹੁਇਕੈ ਸਾਧਤ ਸਿਲਾਹਨ ਕੌ
ਕਹੂੰ ਛਤ੍ਰੀ ਹੁਇ ਕੈ ਅਰਿ ਮਾਰਤ ਮਰਤ ਹੋ॥
ਕਹੂੰ ਭੂਮ ਭਾਰ ਕੋ ਉਤਾਰਤ ਹੋ ਮਹਾਰਾਜ
ਕਹੂੰ ਭਵ ਭੂਤਨ ਕੀ ਭਾਵਨਾ ਭਰਤ ਹੋ॥

ਗੁਰੂ ਗੋਬਿੰਦ ਸਿੰਘ – ਅਕਾਲ ਉਸਤਤ ॥੧੫॥

ਗੁਰ ਮਿਲਿ ਅਚੁ ਆਚਾਰੁ ਸਿਖੁ

ਮਸਤਾਨਗੜ੍ਹ ਦੇ ਇਲਾਕੇ ਵਿਚ ਨਾਮਧਾਰੀ ਪਰਵਾਰ ਦਾ ਇਕ ਵਿਸ਼ਾਲ ਘਰ ਸੀ। ਦੋ ਮਕਾਨਾਂ ਦੀਆਂ ਲੰਬੀਆਂ ਕਤਾਰਾਂ ਵਿਚਕਾਰ 50 ਕੁ ਫੁੱਟ ਦਾ ਅੰਤਰ। ਇਕ ਮਕਾਨ ਦੀ ਛੱਤ ਤੇ ਸਿੰਘ-ਸਾਹਮਣੇ ਵਾਲੇ ਦੂਜੇ ਮਕਾਨ ਦੀ ਛੱਤ ਤੇ ਮਾਈਆਂ। ਆਸਾ ਦੀ ਵਾਰ 'ਚ ਸਤਿਗੁਰੂ ਜੀ ਦਰਸ਼ਨ ਦੇ ਰਹੇ ਸਨ। ਆਸਾ ਦੀ ਵਾਰ ਉਪਰੰਤ ਇਕ ਅਨੰਦ ਕਾਰਜ ਹੋਣਾ ਸੀ। ਮਰਯਾਦਾ ਅਨੁਸਾਰ ਅਨੰਦ ਕਾਰਜ ਥੱਲੇ ਜ਼ਮੀਨ ਤੇ ਹੋਣਾ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਛੱਤ ਉੱਤੇ ਸਤਿਗੁਰੂ ਜੀ ਦੇ ਨਜ਼ਦੀਕ ਹੀ ਸੀ।

ਪਹਿਲੀ ਲਾਵ ਸ਼ੁਰੂ ਹੋਈ ਤਾਂ ਲੜਕੀ ਨੇ ਦੁਪੱਟਾ ਇਸ ਪ੍ਰਕਾਰ ਲਿਆ ਹੋਇਆ ਸੀ ਕਿ ਘੁੰਡ ਕੱਢਿਆ ਨਜ਼ਰ ਆਵੇ। ਸ਼ਾਇਦ ਲੜਕੀ ਇਸੇਤਰਾਂ ਕਰਨਾ ਚਾਹੁੰਦੀ ਸੀ। ਸਤਿਗੁਰੂ ਜੀ ਨੇ ਪਾਠ ਰੁਕਵਾ ਆਗਿਆ ਕੀਤੀ-ਘੁੰਡ ਠੀਕ ਕਰੇ। ਸਿੱਖ ਪੰਥ 'ਚ ਘੁੰਡ ਕੱਢਣ ਦੀ ਪ੍ਰਥਾ ਨਹੀਂ ਹੈ। ਹੁਕਮ ਮੰਨਿਆ ਗਿਆ। ਦੂਜੀ ਲਾਵ ਵੇਲੇ ਫਿਰ ਉਸੇ ਤਰ੍ਹਾਂ ਘੁੰਡ ਕੱਢਿਆ ਨਜ਼ਰ ਆਵੇ। ਸਤਿਗੁਰੂ ਜੀ ਤੇਜ਼ੀ ਨਾਲ ਬਚਨ ਕੀਤਾ- ਜੇ ਲੜਕੀ ਨੇ ਇਸੇ ਤਰ੍ਹਾਂ ਕਰਨਾ ਹੈ ਵਿਆਹ ਨਹੀਂ ਹੋ ਸਕਣਾ। ਹੁਕਮ ਦੀ ਸਖ਼ਤੀ ਨਾਲ ਪਾਲਣਾ ਕੀਤੀ ਗਈ ਤੇ ਅਨੰਦ ਕਾਰਜ ਨੇਪਰੇ ਚੜ੍ਹਿਆ। ਸਾਰਾ ਦ੍ਰਿਸ਼ ਦੇਖ ਸਾਧ ਸੰਗਤ ਸਿਜਦਾ ਕਰ ਰਹੀ ਸੀ ਅਤੇ ਆਖ ਰਹੀ ਸੀ - ਸਤਿਗੁਰੂ ਜੀ ਕਿੰਨੇ ਮਰਯਾਦਾ ਪਰਸ਼ੋਤਮ ਹਨ। ਕੁਰੀਤੀਆਂ ਦੂਰ ਕਰਕੇ ਸਿੱਖ ਮੱਤ ਦੇਂਦੇ ਹਨ।

ਸਿਰੀ ਰਾਗ ਮਹਲਾ ੫

ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ॥
ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ॥੧॥
ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥
ਧੰਨ ਸੁ ਤੇਰਾ ਥਾਨੁ॥੧॥ ਰਹਾਉ॥
ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ॥
ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ॥੨॥
ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ॥
ਗੁਰ ਮਿਲਿ ਅਚੁ ਆਚਾਰੁ ਸਿਖੁ ਤੁਧੁ ਕਦੇ ਨਾ ਲਗੈ ਦੁਖੁ॥੩॥
ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ॥
ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ॥ ੪॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੫੦

ਅੰਤਰਜਾਮੀ ਪੁਰਖ ਸੁਆਮੀ

ਸੂਰਜ ਦੀਆਂ ਕਿਰਨਾਂ ਵਾਂਗ ਮਨੁੱਖ ਦੇ ਮਨ 'ਚ ਕਾਮਨਾਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਇਹ ਕਾਮਨਾਵਾਂ ਅਗਰ ਦੁਨਿਆਵੀ ਹੋਣ ਤਾਂ ਬਹੁਤ ਮਹੱਤਵ ਨਹੀਂ ਰਖਦੀਆਂ, ਪਰ ਜੇ ਸਤਿਗੁਰੂ ਨਾਲ ਸਬੰਧਿਤ ਹੋਣ ਤਾਂ ਫਿਰ ਮਹੱਤਵਪੂਰਨ॥

ਮਸਤਾਨਗੜ੍ਹ ਦੇ ਨੇੜੇ ਇਕ ਵਾਰ ਅੱਸੂ ਦਾ ਮੇਲਾ ਅੰਗੂਰਾਂ ਦੇ ਬਾਗ ਵਿਚ ਹੋਇਆ। ਦੁਪਹਿਰ ਦੇ ਨਿਤਨੇਮ ਸਮੇਂ ਡਾਕੀਆ ਇਕ ਮਨੀਆਰਡਰ ਲੈ ਕੇ ਸਤਿਗੁਰੂ ਜੀ ਦੇ ਆਸਣ ਪਾਸ ਪੁੱਜਾ। ਅਰਜ਼ ਕੀਤੀ-ਕਿਸੇ ਸ਼ਰਧਾਲੂ ਨੇ ਆਪ ਜੀ ਦੇ ਨਾਮ ਮਨੀਆਰਡਰ ਭੇਜਿਆ ਹੈ। ਸਤਿਗੁਰੂ ਜੀ ਦਸਤਖਤ ਕਰ, ਇਸ਼ਾਰਾ ਕੀਤਾ, ਰਕਮ ਸੇਵਕ ਨੂੰ ਦੇ ਦਿਓ। ਇੰਜ ਕਰਕੇ ਡਾਕੀਆ ਤੁਰ ਪਿਆ। ਜਥੇਦਾਰ ਜੋਗਾ ਸਿੰਘ ਦਾ ਵਿਚਾਰ ਬਣ ਗਿਆ - ਸਤਿਗੁਰੂ ਜੀ ਦੇ ਦਸਤਖਤ ਕੈਸੇ ਹਨ, ਡਾਕੀਏ ਪਾਸੋਂ ਦੇਖੇ ਜਾਣ। ਉਹ ਛੱਬਦੇ ਨਾਲ ਡਾਕੀਏ ਪਿੱਛੇ ਗਏ। ਕੋਸ਼ਿਸ਼ ਕਰਨ ਤੇ ਵੀ ਡਾਕੀਆ ਨਜ਼ਰ ਨਾ ਆਇਆ। ਵਾਪਿਸ ਆਏ ਤਾਂ ਸਤਿਗੁਰੂ ਜੀ ਮੁਸਕਰਾਉਣ। ਜਾਣੀ-ਜਾਣ ਸਤਿਗੁਰੂ ਜੀ ਦਾ ਇਸ਼ਾਰਾ ਸੀ-ਦਸਤਖਤ ਦੇਖ ਆਇਐਂ? ਜਥੇਦਾਰ ਜੀ ਸਿਰ ਝੁਕਾ ਬੈਠ ਗਏ। ਉਹ ਸਤਿਗੁਰੂ ਜੀ ਦੀ ਅੰਤਰਜਾਮਤਾ ਤੋਂ ਬਲਿਹਾਰ ਜਾ ਰਹੇ ਸਨ, ਡਾਕੀਏ ਦੇ ਅਦਰਿਸ਼ ਹੋਣ ਤੇ ਅਸਚਰਜ ਸਨ ਅਤੇ ਦਸਤਖਤ ਨ ਦੇਖ ਸਕਣ ਕਾਰਣ ਨਿਰਾਸ਼ ਸਨ।

ਕੁਝ ਸਾਲਾਂ ਬਾਅਦ ਸਬੱਬ ਬਣਿਆ। ਉਹਨਾਂ, ਸਤਿਗੁਰੂ ਜੀ ਦੇ ਚਰਨਾਂ 'ਚ ਇਕ ਖੱਤ ਲਿਖਿਆ। ਉੱਤਰ ਪ੍ਰਾਪਤੀ ਲਈ ਇਕ ਲਿਫਾਫਾ ਨਾਲ ਹੀ ਭੇਜ ਦਿੱਤਾ। ਸਤਿਗੁਰੂ ਜੀ ਸ੍ਰੀ ਜੀਵਨ ਨਗਰ ਤੋਂ ਆਪਣੇ ਕਰ ਕੰਵਲਾਂ ਨਾਲ ਉੱਤਰ ਲਿਖ ਭੇਜਿਆ। ਅਤੀ ਸੁੰਦਰ ਦਸਤਖਤ, ਨਾਲ ਦੇਸੀ ਸੰਮਤ ਦੀ ਤਾਰੀਖ। ਰੀਝ ਪੂਰੀ ਹੋਈ। ਉਹ ਪੱਤ੍ਰ ਉਹਨਾਂ ਅੱਜ ਵੀ ਫਾਈਲ 'ਚ ਸੰਭਾਲ ਕੇ ਰੱਖਿਆ ਹੋਇਆ ਹੈ। (ਦਸਤਾਵੇਜ਼ ਪੰਨਾ VII)

ਬਿਲਾਵਲ ਮਹਲਾ ੫

ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ॥
ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ ਪਿਤਾ ਕਿਰਪਾਲ॥ ਰਹਾਉ॥
ਮੋਹਿ ਨਿਰਗੁਣ ਗੁਣ ਨਾਹੀ ਕੋਈ ਪਹੁਚਿ ਨ ਸਾਕਉ ਤੁਮਰੀ ਘਾਲ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡ ਸਭ ਤੁਮਰੋ ਮਾਲ॥
ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ॥
ਤਨੁ ਮਨੁ ਸੀਤਲੁ ਹੋਇ ਹਮਾਰੋ ਨਾਨਕ ਪ੍ਰਭਿ ਜੀਉ ਨਦਰਿ ਨਿਹਾਲ।

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੮੨੮

ਤੂ ਭਗਤਾ ਕੈ ਵਸਿ

ਸਿੱਖ ਦੀ ਪ੍ਰਤੀਤ ਤੇ ਸਤਿਗੁਰੂ ਰੀਝਦਾ ਹੈ। ਸਿੱਖ ਦੀ ਆਪਣੇ ਸਤਿਗੁਰੂ ਉੱਤੇ ਪ੍ਰੀਤ ਤੇ ਪ੍ਰਤੀਤ, ਉਸਦਾ ਨਿਸਤਾਰਾ ਕਰਦੀ ਹੈ। ਸਤਿਗੁਰੂ ਪ੍ਰੀਤਵਾਨ ਸਿੱਖ ਦੇ ਵਸਿ ਹੋ ਜਾਂਦਾ ਹੈ। ਐਸੀਆਂ ਅਨੇਕ ਮਿਸਾਲਾਂ 'ਚੋ ਇਕ ਮਿਸਾਲ ਇਸ ਪ੍ਰਕਾਰ ਹੈ।

ਸਮਾਂ ਸੰਨ 1981-82 ਦਾ ਹੈ। ਸਤਿਗੁਰੂ ਜੀ ਦੀ ਹਜ਼ੂਰੀ, ਸ੍ਰੀ ਜੀਵਨ ਨਗਰ ਕੋਠੀ, ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਸੰਤ ਸੁਜਾਨ ਸਿੰਘ ਆ ਮੱਥਾ ਟੇਕਿਆ। ਅਰਜ਼ ਕੀਤੀ ਇਕ ਸ਼ਬਦ ਸੁਨਾਣ ਦੀ ਆਗਿਆ ਦਿਓ। ਆਗਿਆ ਨਾ ਮਿਲੀ। ਬੜਾ ਔਖਾ ਹੋਇਆ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਆਗਿਆ ਕੀਤੀ - ਹੁਣ ਸ਼ਬਦ ਸੁਣਾ। ਸੰਤ ਜੀ ਸ਼ਬਦ ਤਾ ਗਾਇਨ ਕੀਤਾ, ਪਰ ਮਨ ਵਿੱਚ ਇਹ ਰੋਸ ਰਿਹਾ ਕਿ ਆਸਾ ਦੀ ਵਾਰ ਦੌਰਾਨ ਸ਼ਬਦ ਪੜ੍ਹਨ ਦੀ ਆਗਿਆ ਕਿਉਂ ਨਹੀਂ ਦਿੱਤੀ ? ਸਤਿਗੁਰੂ ਜੀ ਜਾਣੂੰ ਸਨ-ਇਹ ਕੁੱਝ ਨਾ ਕੁੱਝ ਜ਼ਰੂਰ ਬੋਲੇਗਾ। ਸੋ ਸ਼ਬਦ ਦੀ ਸਮਾਪਤੀ ਤੇ ਫ਼ੁਰਤੀ ਨਾਲ ਉੱਠਕੇ ਚਲੇ ਗਏ ਤੇ ਕੋਠੀਓਂ ਬਾਹਰ ਜਾਣ ਦਾ ਰਸਤਾ ਬਦਲ ਲਿਆ।

ਪੰਜ-ਸੱਤ ਮਿੰਟਾ ਬਾਅਦ ਅਜੇ ਸੰਤ ਸੁਜਾਨ ਸਿੰਘ, 8-10 ਕੁ ਹੋਰ ਸਿੰਘਾਂ ਸਮੇਤ, ਕੋਠੀ ਦੇ ਪ੍ਰਵੇਸ਼ ਦਵਾਰ ਪਾਸ ਹੀ ਖਲੋਤੇ ਸਨ ਕਿ ਸਤਿਗੁਰੂ ਜੀ ਕੁਝ ਸੇਵਕਾਂ ਸਮੇਤ ਸਾਹਮਣਿਓ ਆ ਗਏ। ਇਹ ਸਿੱਖ ਸਵੇਰ ਤੋਂ ਹੀ ਜ਼ਰਾ ਔਖਾ ਸੀ। ਇਸ ਦੋਵੇਂ ਬਾਹਵਾਂ ਖਿਲਾਰ ਸਤਿਗੁਰੂ ਜੀ ਨੂੰ ਰੋਕਿਆ ਤੇ ਆਖਣਾ ਸ਼ੁਰੂ ਕੀਤਾ। ਸਵੇਰੇ ਤੁਸੀਂ ਆਸਣ ਉੱਤੇ ਬੈਠੇ ਸੀ, ਮੈਂ ਕੁੱਝ ਨਹੀਂ ਕਿਹਾ। ਹੁਣ ਆਪਾ ਜ਼ਮੀਨ ਤੇ ਬਰਾਬਰ ਖੜੇ ਹਾਂ-ਦੱਸੋ, ਸਵੇਰੇ ਵਾਰ 'ਚ ਸ਼ਬਦ ਕਿਉਂ ਨਹੀਂ ਪੜ੍ਹਨ ਦਿੱਤਾ ? ਸਤਿਗੁਰੂ ਜੀ ਉੱਤਰ ਦਿੱਤਾ "ਤੂੰ ਕਦੇ ਕਦੇ ਵਾਰ 'ਚ ਆਓਨੈ, ਉਹ ਵੀ ਦੇਰੀ ਨਾਲ।" ਸੰਤ ਜੀ ਆਖਿਆ "ਮੈਂ ਕਦੇ ਕਦੇ ਆ ਹੀ ਜਾਂਦਾ ਹਾਂ। ਤੁਹਾਨੂੰ ਗੱਦੀ ਤੇ ਬੈਠਿਆ ਕਿੰਨੇ ਸਾਲ ਹੋ ਗਏ, ਮੇਰੇ ਘਰ ਟਿੱਬੀ ਤੇ ਕਦੇ ਆਏ ਹੋ?" ਗਰੀਬ ਨਿਵਾਜ਼ ਮੁਸਕਰਾ ਬਚਨ ਕੀਤਾ-"ਤੈਨੂੰ ਕਿੰਨੀ ਵਾਰ ਆਖਿਆ-ਤੂੰ ਟਿੱਬੀ ਤੋਂ ਜ਼ਮੀਨ ਵੇਚ, ਥੱਲੇ ਆ ਜਾਹ। ਮੈਂ ਤੈਨੂੰ ਆਪਣੀ ਪੈਲੀ ਪਾਸ ਜਗ੍ਹਾ ਲੈ ਦਿਆਂਗਾ।" ਸੰਤ ਜੀ ਆਖਿਆ "ਜੀ-ਮੇਰੀ ਘਰ ਵਾਲੀ ਨਹੀਂ ਮੰਨਦੀ-ਮੈਂ ਕੀ ਕਰਾਂ?" ਸਤਿਗੁਰੂ ਜੀ ਫ਼ੁਰਮਾਇਆ "ਘਰ ਵਾਲੀ ਨਹੀਂ ਮੰਨਦੀ ਤਾਂ ਉਸਨੂੰ ਟਿੱਬੀ 'ਤੇ ਰਹਿਣ ਦੇ-ਤੂੰ ਆਪ ਥੱਲੇ ਆ ਜਾਹ।" ਸੰਤ ਜੀ ਨੇ ਠੇਠ ਪੰਜਾਬੀ 'ਚ ਨਝਿੱਜਕ ਹੋ ਆਖਿਆ- ਉਹ ਸਾਰੀ ਉਮਰ ਮੇਰੀ ਸੇਵਾ ਕਰਦੀ ਰਹੀ ਹੈ- ਆਖਦੇ ਹੋ, ਛੱਡ ਕੇ ਥੱਲੇ ਆ ਜਾਹ। ਮੈਥੋਂ ਇਸ ਤਰਾਂ ਨਹੀਂ ਹੋਣਾ।" ਇਹ

ਸਨ ਇਕ ਪ੍ਰੇਮੀ ਸਿੱਖ ਦੇ ਆਪਣੇ ਗੁਰੂ ਨਾਲ ਖੁਲ੍ਹੇ ਬਚਨ। ਸਤਿਗੁਰੂ ਜੀ ਆਪਣੇ ਪਿਆਰੇ ਸਿੱਖ ਦੀਆਂ ਸਿੱਧੀਆਂ-ਠੇਠ ਗੱਲਾਂ ਸੁਣ ਮੁਸਕਰਾਂਦੇ ਤੁਰ ਪਏ ਤੇ ਜਣਾ ਗਏ-ਅਗਲੀ ਵਾਰ ਤੇਰੀ ਸ਼ਕਾਇਤ ਦੂਰ ਕਰ ਦਿਆਂਗੇ।

ਨਾ ਤੂ ਆਵਹਿ ਵਸਿ ਬਹੁਤ ਘਿਣਾਵਣੇ॥
ਨਾ ਤੂ ਆਵਹਿ ਵਸਿ ਬੇਦ ਪੜਾਵਣੇ॥
ਨਾ ਤੂ ਆਵਹਿ ਵਸਿ ਤੀਰਥਿ ਨਾਈਐ॥
ਨਾ ਤੂੰ ਆਵਹਿ ਵਸਿ ਧਰਤੀ ਧਾਈਐ॥
ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥
ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥
ਸਭ ਕੋ ਤੇਰੈ ਵਸਿ ਅਗਮ ਅਗੋਚਰਾ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੯੬੨

ਕਤਹੂੰ ਸੁਚੇਤ ਹੁਇ ਕੈ

ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਤਾ ਸੀ ਕਿ ਆਉਣ ਵਾਲੇ ਸਮੇਂ 'ਚ ਵੱਡੇ ਕਾਕੇ ਨੇ ਪੰਥ ਦੀ ਸੰਭਾਲਨਾ ਕਰਨੀ ਹੈ। ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਾਲ ਅਵਸਥਾ ਸਮੇਂ ਛੋਟੇ-ਵੱਡੇ ਸਭ ਕੰਮਾਂ ਦੀ ਸਿਖਲਾਈ ਦਿੱਤੀ ਤਾਕਿ ਲੋੜ ਪੈਣ ਤੇ ਬਿਨਾ ਆਲਸ, ਬਿਨਾ ਸੇਵਕਾਂ ਦੀ ਸਹਾਇਤਾ, ਸਭ ਕੰਮ ਆਪ ਕਰ ਸਕਣ। ਸਤਿਗੁਰੂ ਜੀ ਦੀ ਚੁਸਤੀ, ਦਰੁਸਤੀ "ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ" ਦੀ ਇਕ ਮਿਸਾਲ ਇਸ ਤਰ੍ਹਾਂ ਹੈ-

ਸ੍ਰੀ ਭੈਣੀ ਸਾਹਿਬ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਸਕਾਰ ਵਾਲੀ ਥਾਂ ਤੋਂ ਥੋੜਾ ਹੱਟ ਕੇ ਇਕ ਕੁਟੀਆ ਬਣੀ ਹੋਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਰਜ਼ਾ ਅਨੁਸਾਰ ਇਸ ਕੁਟੀਆ ਵਿਚ ਵਿਸ਼ਰਾਮ ਕਰਦੇ ਸਨ। ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਕਰਦੇ ਹੋਏ ਜਥੇਦਾਰ ਜੋਗਾ ਸਿੰਘ, ਕੁਟੀਆ ਅੰਦਰ ਬਿਨਾ ਆਗਿਆ ਚਲੇ ਗਏ। ਕੀ ਦੇਖਿਆ? ਸੰਗੀਤ ਦਾ ਕੋਈ ਰਾਗ ਵੱਜ ਰਿਹਾ ਹੈ। ਸਤਿਗੁਰੂ ਜੀ ਕਛਿਹਰਾ, ਬੁਨੈਣ ਪਹਿਨੇ, ਸਿਰ ਤੇ ਰੁਮਾਲੀ, ਆਪਣਾ ਬਿਸਤਰਾ ਆਪ ਹੀ ਝਾੜ-ਸਵਾਰਾ ਕਰ ਰਹੇ ਹਨ। ਜਥੇਦਾਰ ਜੀ ਮੱਥਾ ਟੇਕਿਆ। ਸਤਿਗੁਰੂ ਜੀ ਰਾਜ਼ੀ ਖੁਸ਼ੀ ਪੁੱਛੀ। ਦਇਆਲੂ ਸਤਿਗੁਰੂ ਜੀ ਨੇ ਬਿਨਾ ਆਗਿਆ ਅੰਦਰ ਆਉਣ ਤੇ ਕੋਈ ਇਤਰਾਜ਼ ਨਾ ਜਤਾਇਆ। ਦੁਨੀਆ ਦਾ ਮਾਲਕ, ਸ਼ਹਿਨਸ਼ਾਹ, ਕਿੰਨੀ ਸਾਦਗੀ ਨਾਲ ਛੋਟੀ ਜਿਹੀ ਕੁਟੀਆ 'ਚ ਨਿਵਾਸ ਕਰ, ਆਪਣਾ ਬਿਸਤਰਾ ਆਪ ਠੀਕ-ਠਾਕ ਕਰ ਰਿਹਾ ਹੈ, ਪਾਸ ਕੋਈ ਸੇਵਕ ਵੀ ਨਹੀਂ ਹੈ। ਕੁਟੀਆ ਅੰਦਰਲੀ ਸਾਦਗੀ ਅਤੇ ਸਤਿਗੁਰੂ ਜੀ ਦੀ ਮੌਜੂਦਗੀ ਦਾ ਦ੍ਰਿਸ਼ ਵੇਖ "ਅਕਾਲ ਉਸਤਤ" ਦੀਆਂ ਇਹ ਤੁਕਾਂ ਮੂਰਤੀਮਾਨ ਹੋਈਆਂ।

ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰ ਕੀਓ
ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥
ਕਤਹੂੰ ਭਿਖਾਰੀ ਹੁਇਕੈ ਮਾਗਤ ਫਿਰਤ ਭੀਖ
ਕਹੂੰ ਮਹਾ ਦਾਨਿ ਹੁਇਕੈ ਮਾਗਿਓ ਧਨ ਦੇਤ ਹੋ॥
ਕਹੂੰ ਮਹਾ ਰਾਜਨ ਕੋ ਦੀਜਤ ਅਨੰਤ ਦਾਨ
ਕਹੂੰ ਮਹਾ ਰਾਜਨ ਤੇ ਛੀਨ ਛਿਤ ਲੇਤ ਹੋ॥
ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ।

ਗੁਰੂ ਗੋਬਿੰਦ ਸਿੰਘ - ਅਕਾਲ ਉਸਤਤ॥੧੧॥

ਮੋਹੀ ਦੇਖਿ ਦਰਸੁ

ਸਤਿਗੁਰੂ ਆਪਣੀ ਰਜ਼ਾ ਅਨੁਸਾਰ ਸੰਸਾਰ 'ਚ ਵਿਚਰਦੇ ਨੇ। ਤਖਤ-ਚਵਰ ਦੇ ਮਾਲਕ ਹੁੰਦੇ ਹੋਏ ਭੀ ਉਹ ਨਿਮਰਤਾ ਨਾਲ ਲਬਾਲੱਬ ਰਹਿੰਦੇ ਨੇ। ਉਹ ਆਮ ਸੰਸਾਰੀ ਮਨੁੱਖਾਂ ਦੀ ਤਰ੍ਹਾਂ ਭ੍ਰਮਣ ਕਰਦੇ ਨੇ ਅਤੇ ਆਪਣੇ ਸਿੱਖਾਂ ਨੂੰ ਨਿਰਮਾਣ ਰਹਿਣ ਦੀ ਜਾਚ ਸਿਖਾਉਂਦੇ ਨੇ। ਸਤਿਗੁਰੂ ਦਾ ਨੂਰੀ ਮੁੱਖੜਾ ਤੱਕ, ਸਿਰ ਆਪਣੇ ਆਪ ਝੁੱਕ ਜਾਂਦਾ ਹੈ।

ਸੰਨ 1972-73, ਅਸ਼ੋਕਾ ਬਿਸਕੁਟ ਹੈਦਰਾਬਾਦ-ਸੰਤ ਕਰਤਾਰ ਸਿੰਘ, ਰਜਿੰਦਰ ਸਿੰਘ ਹੁਰਾਂ ਜਰਮਨੀ ਦੀਆਂ ਆਟੋਮੈਟਿਕ ਮਸ਼ੀਨਾਂ ਨਾਲ ਬਿਸਕੁਟ ਬਨਾਣ ਦੀ ਫੈਕਟਰੀ ਦਾ ਉਦਘਾਟਨ ਕਰਨ ਲਈ ਸਤਿਗੁਰੂ ਜੀ ਨੂੰ ਅਰਜ਼ ਕੀਤੀ (ਤਸਵੀਰ ਪੰਨਾ VIII)। ਸਤਿਗੁਰੂ ਜੀ ਹਵਾਈ ਜਹਾਜ਼ ਤੇ ਪਧਾਰੇ-ਵਾਪਿਸੀ ਭੀ ਹਵਾਈ ਜਹਾਜ਼ ਤੇ ਸੀ। ਸਾਧ ਸੰਗਤ ਹਵਾਈ ਅੱਡੇ ਵਿਦਾ ਕਰਨ ਗਈ। ਵਾਹ! ਮੇਰੇ ਸਤਿਗੁਰੂ, ਅਰਸ਼-ਫਰਸ਼ ਦੇ ਮਾਲਕ ਤੇਰੀ ਕਿੰਨੀ ਸਾਦਗੀ, ਨਿਮਰਤਾ। ਸਿਕਓਰਟੀ ਚੈੱਕ ਸਮੇਂ ਸਧਾਰਨ ਵਿਅਕਤੀ ਦੀ ਤਰ੍ਹਾਂ ਸਤਿਗੁਰੂ ਜੀ ਕਤਾਰ ਵਿਚ ਲੱਗ ਗਏ। ਅਧਿਕਾਰੀ ਸਭ ਦੀ ਤਲਾਸ਼ੀ ਲੈ ਰਿਹਾ ਸੀ। ਮਨ 'ਚ ਸਵਾਲ ਪੈਦਾ ਹੋਇਆ - ਕੀ ਅਧਿਕਾਰੀ ਸਤਿਗੁਰੂ ਜੀ ਦੀ ਵੀ ਤਲਾਸ਼ੀ ਲਵੇਗਾ ? ਜਿਹੜੇ ਹੱਥ ਉਹ ਆਮ ਆਦਮੀ ਨੂੰ ਲਗਾ ਰਿਹਾ ਹੈ ਉਹੀ ਅਪਵਿਤ੍ਰ ਹੱਥ ਇਸ ਪਵਿਤ੍ਰ ਹਸਤੀ ਨੂੰ ਲਗਾਏਗਾ? ਸਾਧ ਸੰਗਤ ਇਹਨਾਂ ਸਵਾਲਾਂ ਦੇ ਜਵਾਬ ਸੋਚਦੀ ਸੀ। ਅਧਿਕਾਰੀ ਪਾਸੋਂ ਚੌਥੇ ਨੰਬਰ ਤੇ ਸਤਿਗੁਰੂ ਜੀ ਕਤਾਰ ਵਿਚ ਸਨ। ਉਸਦੀ ਨਿਗ੍ਹਾ ਸਤਿਗੁਰੂ ਜੀ ਨਾਲ ਇੱਕ-ਮਿੱਕ ਹੋ ਗਈ। ਨੂਰੀ ਮੁੱਖੜਾ, ਮਨ ਨੂੰ ਮੋਹ ਲੈਣ ਵਾਲੀ ਮੁਸਕਾਨ-ਫਿਰ ਬੰਦਾ ਪਹਿਲੀ ਹੀ ਅੰਮ੍ਰਿਤਮਈ ਦ੍ਰਿਸ਼ਟੀ ਨਾਲ ਢੂੰਡਿਆ ਕਿਉਂ ਨ ਜਾਵੇ? ਜਦੋਂ ਸਤਿਗੁਰੂ ਜੀ ਦਾ ਨੰਬਰ ਨੇੜੇ ਆਇਆ-ਉਸ ਅਧਿਕਾਰੀ ਨੇ ਦੋਵੇਂ ਹੱਥ ਜੋੜ ਸਿੱਜਦਾ ਕਰ ਆਖਿਆ - ਆਪਕੋ ਚੈੱਕ ਕਰਨੇ ਕੀ ਅਵਸ਼ਕਤਾ ਨਹੀਂ, ਆਪ ਹਵਾਈ ਜਹਾਜ਼ ਕੀ ਔਰ ਪ੍ਰਸਥਾਨ ਕਰੇਂ। ਸਤਿਗੁਰੂ ਜੀ ਮੁਸਕਾਨਾਂ ਵੰਡਦੇ ਹੋਏ ਅਲਵਿਦਾ ਹੋਏ। ਸਾਧ ਸੰਗਤ, ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦੀ ਹੋਈ ਘਰਾਂ ਨੂੰ ਪਰਤੀ। ~~ਕਿਸੇ ਕਵੀ ਨੇ~~ ਗੁਰਬਾਣੀ ਨੇ ਐਸੇ ਦ੍ਰਿਸ਼ ਨੂੰ ਇੰਜ ਬਿਆਨ ਕੀਤਾ ਹੈ-

ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ-੨੬੧

ਕਾਹੇ ਕੋ ਡੋਲਤ ਹੈ ਤੁਮਰੀ ਸੁਧ

ਸਤਿਗੁਰੂ ਪ੍ਰਤੀ ਆਸਥਾ, ਸਿੱਖ ਦੀ ਮੁਸ਼ਕਲ ਵੇਲੇ ਸਹਾਇਤਾ ਕਰਦੀ ਹੈ। ਡਾਵਾਂ-ਡੋਲ ਸਥਿਤੀ ਸਥਿਰ ਹੋ ਜਾਂਦੀ ਹੈ। ਸਿੱਖ ਦੀ ਔਖੀ ਘੜੀ ਸੌਖੀ ਲੰਘ ਜਾਂਦੀ ਹੈ। ਸਤਿਗੁਰੂ ਦੀ ਬਖਸ਼ਿਸ਼ ਨਾਲ ਸਿੱਖ ਨਿਹਾਲ ਹੋ ਜਾਂਦਾ ਹੈ।

ਸੰਨ 1972, ਹੈਦਰਾਬਾਦ ਪਾਸ ਜੁੜਵਾਂ ਸਿਕੰਦਰਾਬਾਦ ਸ਼ਹਿਰ ਹੈ। ਜਥੇਦਾਰ ਜੋਗਾ ਸਿੰਘ ਨੂੰ ਇੱਥੇ ਮਿਲਟਰੀ ਵਲੋਂ ਮਕਾਨ ਮਿਲਿਆ ਹੋਇਆ ਸੀ। ਤਨਖਾਹਾਂ ਨਾਲ ਗੁਜ਼ਾਰੇ ਹੀ ਹੁੰਦੇ ਹਨ। ਇਕ ਮਹੀਨੇ, ਅਗਲੀ ਤਨਖਾਹ ਤੋਂ ਪਹਿਲਾਂ ਹੀ ਸਥਿਤੀ ਡਾਵਾਂ-ਡੋਲ ਹੋ ਗਈ, ਅਜੇ ਚਾਰ ਦਿਨ ਬਾਕੀ ਸਨ। ਥੋੜ੍ਹਾ ਕੁ ਆਟਾ ਟੀਨ ਵਿਚ ਰਹਿ ਗਿਆ। ਪਤੀ-ਪਤਨੀ, ਦੋਵਾਂ ਸਲਾਹ ਕਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਅਰਦਾਸ ਕੀਤੀ। ਸਤਿਗੁਰੂ ਜੀ ਜਣਾਇਆ-ਟੀਨ 'ਚੋਂ ਆਟਾ ਕੱਢੀ ਜਾਓ, ਮੁੱਕਦਾ ਨਹੀਂ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਚਾਰ ਦਿਨ ਟੀਨ 'ਚੋਂ ਆਟਾ ਨਹੀਂ ਮੁੱਕਿਆ।

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ॥
ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਹੈ ਅਛੈ ਹੈ॥
ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ॥
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ॥

ਗੁਰੂ ਗੋਬਿੰਦ ਸਿੰਘ - ਅਕਾਲ ਉਸਤਤ ॥ ੨੪੭॥

ਸਦਾ ਅੰਗ ਸੰਗੇ

ਸਰਬ ਵਿਆਪੀ ਰਾਮ ਸਰਗੁਣ ਸਰੂਪ ਧਾਰ, ਸੰਸਾਰ ਦੀਆਂ ਚਾਰੋਂ ਦਿਸ਼ਾ 'ਚ ਆਪਣੀ ਮਹਿਕ ਵੰਡਦਾ ਹੈ। ਸ਼ਰਧਾਵਾਨਾਂ ਨੂੰ ਬਿਨਾਂ ਮੰਗਿਆ ਵੱਡ ਮੁੱਲੀਆਂ ਦਾਤਾਂ ਬਖਸ਼ਦਾ ਹੈ। ਆਪਣੇ ਭਗਤਾਂ ਦੀ ਸਾਰ ਲੈਂਦਾ ਹੈ। ਉਹਨਾਂ ਦੀ ਪਰੀਖਿਆ ਲੈਂਦਾ ਹੈ ਅਤੇ ਪਾਸ ਹੋਣ ਵਾਲਿਆਂ ਨੂੰ ਸਦਾ ਅੰਗ ਸੰਗ ਹੋਣ ਦਾ ਅਹਿਸਾਸ ਵੀ ਕਰਵਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਜੋਧਪੁਰ (ਰਾਜਸਥਾਨ) ਸ਼ਹਿਰ ਵਿਚ ਚਰਨ ਪਾਏ ਸਨ। ਸੰਨ 1978 'ਚ ਉੱਥੋ ਦੀ ਸਾਧ ਸੰਗਤ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਦਰਸ਼ਨ ਦੇਣ ਲਈ ਅਰਜ਼ ਕੀਤੀ। ਅਰਜ਼ ਪ੍ਰਵਾਨ ਹੋ ਗਈ। ਹਵਾਈ ਜਹਾਜ਼ ਸਵਾਰ ਹੋ ਗਰੀਬ ਨਿਵਾਜ਼ ਜੀ ਇਸ ਧਰਤੀ ਨੂੰ 13-6-78 ਨੂੰ ਭਾਗ ਲਾਏ।

ਜੋਧਪੁਰ ਮਿਲਟਰੀ ਹਵਾਈ ਅੱਡੇ ਤੇ ਹੀ ਸਿਵਲ ਦੇ ਜਹਾਜ਼ ਉਤਰਦੇ ਸਨ। ਇੰਡੀਅਨ ਏਅਰ ਲਾਈਨਜ਼ ਦੇ ਜਹਾਜ਼ ਨੇ ਦਿੱਲੀਓਂ-ਜੋਧਪੁਰ, ਇੱਥੇ ਹੀ ਉੱਤਰਨਾ ਸੀ। ਹਵਾਈ ਅੱਡੇ ਦੇ ਅੰਦਰ ਮਹਿਮਾਨ ਦੇ ਸਵਾਗਤ ਲਈ ਸਿਰਫ ਦੋ ਵਿਅਕਤੀ ਜਾਣ ਦਾ ਵਿਧਾਨ ਸੀ। ਏਅਰ ਫੋਰਸ ਦਾ ਕੰਟਰੋਲ ਸੀ।

ਸ਼ਹਿਰ ਵਿਚ ਕਰਨਲ ਮਹਿੰਦਰ ਸਿੰਘ (ਰਿਟਾਇਰਡ) ਰਹਿੰਦੇ ਸਨ ਜਿਹਨਾਂ ਦਾ ਬਹੁਤ ਰਸੂਖ ਸੀ। ਉਹਨਾਂ ਨੂੰ ਸਤਿਗੁਰੂ ਜੀ ਦੀ ਆਮਦ ਬਾਬਤ ਦੱਸਿਆ ਗਿਆ। ਉਹਨਾਂ ਜੋਧਪੁਰ ਏਅਰ ਫੋਰਸ ਦੇ ਮੁੱਖ ਅਧਿਕਾਰੀ ਏਅਰ ਕਮੋਡਰ ਦਿਲਬਾਗ ਸਿੰਘ ਨਾਲ ਸੰਪਰਕ ਕੀਤਾ। ਸਤਿਗੁਰੂ ਜੀ ਦਾ ਨਾਮ ਸੁਣ ਇਸ ਅਧਿਕਾਰੀ ਨੇ 20 ਵਿਅਕਤੀ ਤੇ 5 ਕਾਰਾਂ ਹਵਾਈ ਅੱਡੇ ਅੰਦਰ ਜਾਣ ਦੀ ਇਜਾਜ਼ਤ ਦੇ ਦਿੱਤੀ। ਇਜਾਜ਼ਤ ਦਿੰਦੇ ਵੀ ਕਿਓਂ ਨਾ? ਅੱਜ ਕੋਈ V.I.P. ਨਹੀਂ ਸੀ ਆ ਰਿਹਾ ਬਲਕਿ V.I.P. ਨੂੰ ਬਨਾਉਣ ਵਾਲਾ ਪੈਗੰਬਰ ਆ ਰਿਹਾ ਸੀ। ਇਸ ਅਫਸਰ ਦੀ ਸੇਵਾ ਨੂੰ ਫਲ ਲੱਗਾ ਅਤੇ ਬਾਅਦ ਵਿਚ ਏਅਰ ਫੋਰਸ ਦੇ ਸਭ ਤੋਂ ਵੱਡੇ ਅਹੁਦੇਦਾਰ 'Air Chief Marshal' ਬਣੇ। ਦਿੱਲੀ, ਪਤਨੀ ਸਮੇਤ, ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ। ਉਹਨਾਂ ਦੱਸਿਆ ਕਿ ਉਹ ਮਾਸ ਤੇ ਸ਼ਰਾਬ ਨਹੀਂ ਵਰਤਦੇ ਅਤੇ ਉਹਨਾਂ ਦੀ ਸੁਪਤਨੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ 'ਬਾਬਾ ਗੁਰਦਿੱਤਾ ਜੀ' ਦੇ ਖਾਨਦਾਨ ਵਿਚੋਂ ਹੈ।

ਸਾਧ ਸੰਗਤ ਸਵਾਗਤ ਲਈ ਹਵਾਈ ਅੱਡੇ ਪਹੁੰਚੀ। ਸਿਕਓਰਟੀ ਅਫਸਰ

ਸਫੈਦ ਦਸਤਾਰਾਂ ਦੇਖ ਪੁੱਛਿਆ-ਕਿਸਦੇ ਸਵਾਗਤ ਲਈ ਆਏ ਹੋ? ਸਿੱਖਾਂ ਆਖਿਆ-ਸਤਿਗੁਰੂ ਜਗਜੀਤ ਸਿੰਘ ਜੀ ਪਧਾਰ ਰਹੇ ਹਨ। ਉਸ ਆਖਿਆ-ਮੈਨੂੰ ਉਹਨਾਂ ਬਾਰੇ ਜਾਣਕਾਰੀ ਹੈ। ਜਦੋਂ ਜਹਾਜ਼ ਉਤਰੇਗਾ-ਕੁੱਝ ਸਰੀਰਾਂ ਨੂੰ ਜਹਾਜ਼ ਦੀਆਂ ਪੌੜੀਆਂ ਤੱਕ ਸਵਾਗਤ ਲਈ ਲੈ ਜਾਵਾਂਗਾ। ਇੰਜ ਹੀ ਹੋਇਆ। ਸਭ ਨੇ ਚਰਨ ਪਰਸੇ।

ਸੰਤ ਸੁਰਿੰਦਰ ਸਿੰਘ, ਰਜਿਸਟਰਾਰ, ਬੋਰਡ ਆਫ਼ ਟੈਕਨੀਕਲ ਐਜੂਕੇਸ਼ਨ, ਰਾਜਸਥਾਨ, ਦੇ ਘਰ ਡੇਰਾ ਸੀ। ਕਰਨਲ ਮਹਿੰਦਰ ਸਿੰਘ ਅਰਜ਼ ਕੀਤੀ-ਉਹ ਆਪਣੀ ਕੋਠੀ ਸਿਵਲ-ਮਿਲਟਰੀ ਅਫਸਰਾਂ ਨੂੰ ਸੱਦ ਸਵਾਗਤ ਸਮਾਰੋਹ ਕਰਨਾ ਚਾਹੁੰਦੇ ਨੇ। ਅਰਜ਼ ਪ੍ਰਵਾਨ ਹੋ ਗਈ। ਉਸਨੇ ਖੁੱਲ੍ਹ ਦਿਲੀ ਨਾਲ ਕਾਰਡਾਂ ਤੇ "ਸਤਿਗੁਰੂ ਜਗਜੀਤ ਸਿੰਘ" ਸ਼ਬਦ ਛਪਵਾ ਕੇ ਪਤਵੰਤੇ ਸੱਜਣਾਂ ਨੂੰ ਬੁਲਾਇਆ। ਸ਼ਾਮ ਦਾ ਵਕਤ ਸੀ। ਸਤਿਗੁਰੂ ਜੀ ਪਊਏ ਪਹਿਨ ਇਕ ਵਿਸ਼ੇਸ਼ ਕੁਰਸੀ ਤੇ ਸੁਭਾਇਮਾਨ ਸਨ। ਆਪ ਜੀ ਦੇ ਹਜ਼ੂਰ ਗੋਲ ਦਾਇਰੇ 'ਚ ਕੁਰਸੀਆਂ ਤੇ ਬੈਠੇ ਸਨ ਪਤਵੰਤੇ ਸੱਜਨ-ਏਅਰ ਕਮੋਡਰ ਦਿਲਬਾਗ ਸਿੰਘ, ਬ੍ਰਿਗੇਡੀਅਰ ਅਜੀਤ ਸਿੰਘ, ਕਰਨਲ ਮਹਿੰਦਰ ਸਿੰਘ, ਜੋਧਪੁਰ ਮਹਾਰਾਜੇ ਦੀ ਫੈਮਲੀ ਦੇ ਰੌਇਲ ਮੈਂਬਰ ਆਦਿ। ਸਤਿਗੁਰੂ ਜੀ ਨੇ ਪਵਿਤ੍ਰ ਉਪਦੇਸ਼ ਦੇ ਕੇ ਸਭ ਨੂੰ ਅਸ਼ੀਰਵਾਦ ਦਿੱਤਾ। ਕਰਨਲ ਸਾਹਿਬ ਨੇ ਯਾਦਗਾਰੀ ਚਿੰਨ੍ਹ, ਧਾਤੂ ਦੇ ਬਣੇ ਘੋੜੇ, ਸਤਿਗੁਰੂ ਜੀ ਨੂੰ ਭੇਟ ਕੀਤੇ। (ਤਸਵੀਰ ਪੰਨਾ VIII)

ਅਗਲੇ ਦਿਨ ਸ੍ਰੀ ਕਪਿਲ ਜੀ, ਅਸਿਸਟੈਂਟ ਡਾਇਰੈਕਟਰ ਦੇ ਘਰ ਚਰਨ ਪਾਏ। ਇਹ ਸ਼ਿਵ ਭਗਤ ਹਨ ਤੇ ਭਗਤੀ 'ਚ ਜ਼ਿਆਦਾ ਲੀਨ ਰਹਿੰਦੇ ਹਨ। ਇਹਨਾਂ ਨੂੰ ਭਜਨ ਦੀ ਦਾਤ ਬਖਸ਼ਿਸ਼ ਕੀਤੀ। ਬੰਗਾਲੀ ਬਾੜੀ ਸਥਾਨ ਤੇ ਇਕ ਘੰਟਾ ਨਾਮ ਸਿਮਰਨ ਹੋਇਆ। ਉਪਰੰਤ ਰਾਗੀ ਸਿੰਘਾਂ ਕੀਰਤਨ ਕੀਤਾ। ਮਾਰਵਾੜੀ ਲੋਕਾਂ ਸਤਿਗੁਰੂ ਜੀ ਦਾ ਦਰਸ਼ਨ ਕਰ ਧੰਨਭਾਗ ਸਮਝੇ।

ਜੋਧਪੁਰ ਤੋਂ ਰਵਾਨਗੀ ਸਮੇਂ ਸਭ ਨੂੰ ਇਕੱਠਿਆਂ ਕਰ ਸਤਿਗੁਰੂ ਜੀ ਹੁਕਮ ਕੀਤਾ-ਹਫਤੇ 'ਚ ਇਕ ਵਾਰ ਇਕੱਠੇ ਬੈਠ ਕੇ ਨਾਮ ਸਿਮਰਨ ਕਰਿਆ ਕਰੋ। ਸਾਧ ਸੰਗਤ ਨੇ ਵੀਰਵਾਰ ਸ਼ਾਮ 5 ਤੋਂ 6 ਵਜੇ ਦਾ ਸਮਾਂ ਮਿਥ ਲਿਆ। ਇਕ ਵੀਰਵਾਰ ਨੂੰ ਖੂਬ ਮੀਂਹ ਪਿਆ। ਸਾਧ ਸੰਗਤ ਇਕੱਠੀ ਤਾਂ ਨਾ ਹੋ ਸਕੀ ਪਰ ਮਿਥੇ ਸਮੇਂ ਤੇ ਆਪੋ ਆਪਣੇ ਘਰਾਂ ਵਿਚ ਨਿਤਨੇਮ ਕਰ ਲਿਆ। ਨਾਮ ਸਿਮਰਨ ਉਪਰੰਤ ਮੀਂਹ ਵੀ ਬੰਦ ਹੋ ਗਿਆ। ਸੰਤ ਸੁਰਿੰਦਰ ਸਿੰਘ ਦੇ ਘਰ ਦੋਧੀ ਦੁੱਧ ਦੇਣ ਆਇਆ। ਉਸ ਆਖਿਆ ਤੁਹਾਡੀ ਛੱਤ ਤੇ ਇਕ ਨੂਰੀ ਚਿਹਰੇ ਦਾ ਦਰਸ਼ਨ ਹੋ ਰਿਹਾ ਹੈ। ਸਫੈਦ ਬਸਤਰ ਹਨ। ਸੰਤ ਜੀ ਆਖਿਆ ਸਾਨੂੰ ਤੇ ਦਰਸ਼ਨ ਨਹੀਂ ਹੋ ਰਿਹਾ। ਦੋਧੀ ਆਖੇ ਮੈਨੂੰ ਹੋ ਰਹੇ ਹਨ।

ਸਤਿਗੁਰੂ ਜੀ ਦੀ ਫੋਟੋ ਵਿਖਾਈ। ਆਖਣ ਲੱਗਾ, ਇਹੋ ਦਰਸ਼ਨ ਦੇ ਰਹੇ ਸਨ, ਹੁਣ ਅਦ੍ਰਿਸ਼ ਹੋ ਗਏ ਹਨ।

ਇਸ ਬਾਰੇ ਕਵੀ ਪ੍ਰੀਤਮ ਸਿੰਘ ਅਤੇ ਠਾਕੁਰ ਦਲੀਪ ਸਿੰਘ ਜੀ ਨੂੰ ਖ਼ਤ ਲਿਖੇ ਗਏ ਕਿ ਸਤਿਗੁਰੂ ਜੀ ਸਰੀਰ ਕਰਕੇ ਉਸ ਸਮੇਂ ਕਿਸ ਜਗ੍ਹਾ ਮੌਜੂਦ ਸਨ ? ਦੋਨਾਂ ਦਾ ਮਿਲਦਾ ਜੁਲਦਾ ਉੱਤਰ ਮਿਲਿਆ ਕਿ ਉਸ ਸਮੇਂ ਸਤਿਗੁਰੂ ਜੀ, ਕਾਰ 'ਚ, ਦਿੱਲੀ ਵੱਲ ਜਾ ਰਹੇ ਸੀ ਤੇ ਪਾਨੀਪਤ ਦੇ ਆਸ ਪਾਸ ਸਨ। ਸਾਧ ਸੰਗਤ ਖਤ ਪੜ੍ਹਕੇ ਬਿਸਮਾਦ ਹੋ ਗਈ। ਸਭ ਆਖਣ – ਚੈੱਕ ਕਰਨ ਆਏ ਸੀ, ਹੁਕਮ ਅਨੁਸਾਰ ਹਫਤਾਵਰੀ ਨਾਮ ਸਿਮਰਨ ਕਰਦੇ ਹਨ ਜਾਂ ਨਹੀਂ ? ਉਹਨਾਂ ਆਪ ਹੀ ਕ੍ਰਿਪਾ ਕਰਕੇ ਸਾਨੂੰ ਇਸ ਪਰੀਖਿਆ 'ਚੋਂ ਪਾਸ ਕਰਵਾ ਲਿਆ। ਧੰਨ ਸਤਿਗੁਰੂ ਜਗਜੀਤ ਸਿੰਘ ਜੀ।

ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥
ਸੁਯੰਭਵ ਸੁਭੰ ਸਰਬ ਦਾ ਸਰਬ ਜੁਗਤੇ॥
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ॥

ਗੁਰੂ ਗੋਬਿੰਦ ਸਿੰਘ – ਜਾਪ ਸਾਹਿਬ ॥ ੧੯੯॥

ਜਨਮ ਜਨਮ ਕੀ ਸੋਈ ਜਾਗੀ

ਭਗਵਾਨ ਰਾਮ ਚੰਦਰ ਜੀ ਨੇ ਜਦੋਂ ਲੰਕਾਪਤੀ ਰਾਵਣ ਦਾ ਬੱਧ ਕਰਕੇ ਮਾਤਾ ਸੀਤਾ ਜੀ ਨੂੰ ਅਜ਼ਾਦ ਕਰਵਾ ਲਿਆ ਤਾਂ ਯੁੱਧ 'ਚ ਜੌਹਰ ਦਿਖਾਉਣ ਵਾਲਿਆਂ ਨੂੰ ਇਨਾਮ ਵੰਡੇ। ਜਦੋਂ ਹਨੂੰਮਾਨ ਜੀ ਦੀ ਵਾਰੀ ਆਈ ਤਾਂ ਉਹਨਾਂ ਮੰਗ ਕੀਤੀ- ਭਗਵਾਨ-ਤੁਸੀਂ ਜਦੋਂ ਵੀ ਸੰਸਾਰ 'ਚ ਅਵਤਾਰ ਧਾਰਨ ਕਰੋ ਅਸੀਂ ਨਾਲ ਹੀ ਆਈਏ ਤੇ ਨਾਲ ਹੀ ਜਾਈਏ। ਇਹ ਪ੍ਰਥਾ ਹੁਣ ਵੀ ਚਲਦੀ ਹੈ ਤੇ ਚਲਦੀ ਰਹੇਗੀ।

ਸੰਨ 1978 'ਚ ਸਤਿਗੁਰੂ ਜੀ ਦੇ ਜੋਧਪੁਰ ਦੌਰੇ ਸਮੇਂ ਸ਼ਿਵ ਭਗਤ ਸ੍ਰੀ ਕਪਿਲ ਜੀ ਨੂੰ ਭਜਨ ਦੀ ਦਾਤ ਪ੍ਰਾਪਤ ਹੋ ਗਈ ਸੀ। ਇਹਨਾਂ ਦੇ ਪੂਰਬਲੇ ਕਰਮ ਉਜਾਗਰ ਹੋਣ ਲੱਗ ਪਏ ਅਤੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਦਿਨੋ ਦਿਨੋ ਵਧਦੀ ਗਈ।

ਸ੍ਰੀ ਕਪਿਲ ਜੀ, ਅਸਿਸਟੈਂਟ ਡਾਇਰੈਕਟਰ ਦੇ ਅਹੁਦੇ ਤੋਂ ਰਿਟਾਇਰ ਹੋ ਕੇ "ਸਵਾਮੀ ਬ੍ਰਹਮਦੇਵ ਜੀ ਸਰਸਵਤੀ" ਨਾਮ ਨਾਲ ਪ੍ਰਸਿੱਧ ਹੋ ਗਏ। ਸਵਾਮੀ ਜੀ, ਜਥੇਦਾਰ ਜੋਗਾ ਸਿੰਘ ਨੂੰ ਆਖਿਆ-ਸਤਿਗੁਰੂ ਜੀ ਨੂੰ ਅਰਜ਼ ਕਰੋ ਮੈਂ ਦੋ-ਤਿੰਨ ਸੇਵਕਾਂ ਸਹਿਤ, ਸ਼ਿਵ ਭਗਤੀ ਦੀ ਮਰਯਾਦਾ ਨਾਲ, ਸ੍ਰੀ ਭੈਣੀ ਸਾਹਿਬ ਚਾਲੀਸਾ ਕਰਨਾ ਚਾਹੁੰਦਾ ਹਾਂ। ਅਰਜ਼ ਪ੍ਰਵਾਨ ਹੋ ਗਈ।

ਸੰਨ 2004 ਦੇ ਜਪ-ਪ੍ਰਯੋਗ ਸਮੇਂ ਹੀ ਇਹਨਾਂ ਚਾਲੀਸਾ ਸ਼ੁਰੂ ਕੀਤਾ। ਸਵਾਮੀਂ ਜੀ ਨੇ ਦੱਸਿਆ ਕਿ ਦੂਸਰੀ ਰਾਤ ਨੂੰ ਇਹਨਾਂ ਦੇ ਕਮਰੇ 'ਚ ਪ੍ਰਕਾਸ਼ ਹੋਇਆ ਅਤੇ ਸਤਿਗੁਰੂ ਜੀ ਦੇ ਨੂਰੀ ਦਰਸ਼ਨ ਹੋਏ। ਸਤਿਗੁਰੂ ਜੀ ਬਚਨ ਕੀਤਾ - ਤੂੰ ਭੈਣੀ ਸਾਹਿਬ ਐਨੀ ਦੇਰੀ ਨਾਲ ਕਿਉਂ ਆਇਐਂ? ਸਵਾਮੀ ਜੀ ਤੇਜ਼ ਪ੍ਰਤਾਪ ਦੀ ਝਲਕ ਨਾਲ ਕਿਸੇ ਹੋਰ ਲੋਕ ਵਿਚ ਚਲੇ ਗਏ। ਫਿਲਮ ਦੀ ਤਰ੍ਹਾਂ ਸਤਿਗੁਰੂ ਜੀ ਨੇ ਪਿਛਲੇ ਸੈਂਕੜੇ ਜਨਮ ਦਿਖਾ ਦਿੱਤੇ। ਉਹਨਾਂ ਦੇਖਿਆ ਕਿ ਪੰਜ ਸੌ ਸਾਲ ਤੋਂ ਪਹਿਲਾਂ ਵੀ ਇਹੋ ਸਤਿਗੁਰੂ ਗੁਰਗੱਦੀ ਤੇ ਬਿਰਾਜਮਾਨ ਸਨ। ਮੈਂ ਇਹਨਾਂ ਦਾ ਛੋਟਾ ਭਰਾ ਸੀ। ਮੈਨੂੰ ਇਹਨਾਂ ਕਾਸ਼ੀ ਭੇਜਿਆ ਕਿ ਬੇਦ ਵਿਦਿਆ ਪ੍ਰਾਪਤ ਕਰਕੇ ਆ। ਮੇਰੀ ਰਸਤੇ 'ਚ ਮੌਤ ਹੋ ਗਈ। ਇਸ ਜਨਮ ਵਿਚ ਬੇਦ ਵਿਦਿਆ ਪ੍ਰਾਪਤ ਕਰਕੇ ਮੈਂ ਹੁਣ ਸਤਿਗੁਰੂ ਜੀ ਦੇ ਚਰਨਾਂ 'ਚ ਹਾਜ਼ਰ ਹੋਇਆ ਹਾਂ। ਉਸ ਲੋਕ ਤੋਂ ਵਾਪਸ ਆ, ਅੰਮ੍ਰਿਤ ਵੇਲੇ ਉੱਠੇ ਤਾਂ ਬੈਰਾਗੀ ਹੋ ਗਏ। ਰਾਤ ਵਾਲੇ ਦ੍ਰਿਸ਼ ਨੂੰ ਕਾਗਜ਼ ਤੇ ਲਿਖਿਆ। ਜਥੇਦਾਰ ਜੀ ਨੂੰ ਆਖਣ ਲੱਗੇ - ਸਤਿਗੁਰੂ ਜੀ ਪਾਸੋਂ ਸਮਾਂ ਮੰਗੋ, ਜੋ ਕੁੱਝ ਵਾਪਰਿਆ ਹੈ, ਚਰਨਾਂ 'ਚ ਹਾਜ਼ਰ ਹੋ ਵਰਨਣ ਕਰਨਾ ਹੈ। ਅਰਜ਼ ਪ੍ਰਵਾਨ ਹੋ ਗਈ। ਸਤਿਗੁਰੂ ਜੀ

ਕੋਠੀ ਅੰਦਰ ਤਖਤਪੋਸ਼ ਤੇ ਸੁਸ਼ੋਭਿਤ ਹੋ ਸਾਰੀ ਵਾਰਤਾ ਸੁਣੀ। ਸਵਾਮੀ ਜੀ ਵਾਰਤਾ ਵਾਲੀ ਲਿਖਤ ਵੀ ਭੇਟ ਕਰ ਦਿੱਤੀ। ਸਤਿਗੁਰੂ ਜੀ ਪ੍ਰਵਾਨਗੀ ਦਿੱਤੀ। ਸਵਾਮੀ ਜੀ ਚਾਲੀਸਾ ਪੂਰਾ ਕਰ, ਸਤਿਗੁਰੂ ਜੀ ਤੋਂ ਖੁਸ਼ੀਆਂ ਲੈ, ਵਿਦਾ ਹੋਏ।
(ਤਸਵੀਰ ਪੰਨਾ IX)

ਗਉੜੀ ਮਹਲਾ ੫

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥
ਪਾਇ ਲਗਉ ਮੋਹਿ ਕਰਉ ਬੇਨਤੀ
ਕੋਊ ਸੰਤੁ ਮਿਲੈ ਬਡਭਾਗੀ॥ ੧॥ ਰਹਾਉ॥
ਮਨੁ ਅਰਪਉ ਧਨੁ ਰਾਖਉ ਆਗੈ
ਮਨ ਕੀ ਮਤਿ ਮੋਹਿ ਸਗਲ ਤਿਆਗੀ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ
ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥ ੧॥
ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੨੦੪

ਜਮ ਤੇ ਰਾਖੇ ਦੇ ਕਰਿ ਹਾਥ

ਸਤਿਗੁਰੂ, ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਪ੍ਰਤਖ ਸਰੂਪ ਹੈ। ਇਹ ਜੋ ਚਾਹੇ ਸੋ ਕਰ ਸਕਦਾ ਹੈ। ਖਾਲਸੇ ਦੀ ਸਾਜਨਾ ਵੇਲੇ, ਸਿਰ ਕਲਮ ਕਰਕੇ ਜੋੜ ਸਕਦਾ ਹੈ, ਮਾਨਾ ਵਾਲੇ ਹੋਲੇ ਸਮੇਂ ਚਰਨ ਛੁਹਾ ਬੱਚੇ ਨੂੰ ਸੁਰਜੀਤ ਕਰ ਸਕਦਾ ਹੈ। ਹਜ਼ੂਰੀ ਸੇਵਕ ਪੂਰਬਾ ਜੀ ਦੀ ਰੂਹ ਨੂੰ ਜਮਾਂ ਪਾਸੋਂ ਛੁਡਵਾ, ਪ੍ਰਾਣ ਫਿਰ ਚਾਲੂ ਕਰ ਸਕਦਾ ਹੈ। ਐਸੀਆਂ ਅਨੇਕਾਂ ਸਾਖੀਆਂ 'ਚੋਂ ਇਕ ਸਾਖੀ ਇਸ ਤਰ੍ਹਾਂ ਹੈ —

ਸੰਨ 1990, ਸੰਤ ਬਤਨ ਸਿੰਘ ਜੀ, ਪਿੰਡ ਬਘਾਣਾ (ਉਮਰ 80 ਕੁ ਸਾਲ) ਸ੍ਰੀ ਭੈਣੀ ਸਾਹਿਬ ਸਦਾ ਬਰਤ ਲੰਗਰ ਦੀ ਸੇਵਾ ਕਰਦੇ ਸੀ। ਬਿਮਾਰ ਹੋ ਗਏ। ਪਰਵਾਰ ਵਾਲਿਆਂ ਦਿੱਲੀ ਲਿਆ ਇਲਾਜ ਕਰਵਾਇਆ। ਹਸਪਤਾਲੋਂ ਘਰ ਆਕੇ, ਵਿਹੜੇ 'ਚ ਬੈਠੇ, ਸ਼ਾਮ 4 ਕੁ ਵਜੇ ਆਖਣ ਲੱਗੇ, ਅੱਜ ਰਾਤ ਨੂੰ 9 ਕੁ ਵਜੇ ਸਰੀਰ ਤਿਆਗ ਦੇਣਾ ਹੈ।

ਗਰਮੀਆਂ ਦੇ ਦਿਨ ਸਨ। ਕਮਰੇ 'ਚ ਬੈਠ ਸਾਰਾ ਪਰਵਾਰ ਨਾਮ ਸਿਮਰਨ ਕਰਨ ਲੱਗ ਪਿਆ। ਸਮਾਂ ਨੇੜੇ ਆਇਆ ਤਾਂ ਸੰਤ ਬਤਨ ਸਿੰਘ ਚੀਕਾਂ ਮਾਰਨ ਲੱਗ ਪਏ, ਆਖਣ – ਜਮਾਂ ਦੀ ਮਾਰ ਪੈਂਦੀ ਹੈ। ਪਰਵਾਰ ਦੇ ਇਕ ਮੈਂਬਰ ਨੇ ਸਤਿਗੁਰੂ ਜੀ ਦਾ ਧਿਆਨ ਕਰ ਅਰਦਾਸ 'ਚ ਆਖਿਆ–ਸ੍ਰੀ ਆਦਿ ਗ੍ਰੰਥ 'ਚ ਲਿਖਿਐ "ਜੋ ਹਰਿ ਹਰਿ ਨਾਮੁ ਧਿਆਇਦੇ ਤਿਨ ਜਮੁ ਨੇੜਿ ਨ ਆਵੈ" ਪਰ ਏਥੇ ਤਾਂ ਨਾਮ ਜਪਦਿਆਂ ਜਮ ਕੁਟਾਪਾ ਚਾੜ੍ਹ ਰਹੇ ਹਨ। ਸਤਿਗੁਰੂ ਜੀ ਉਸ ਸਮੇਂ ਇੰਗਲੈਂਡ ਦੇ ਦੌਰੇ ਤੇ ਸਨ। ਦੋ ਲਾਈਨਾਂ ਦੀ ਅਰਦਾਸ ਪ੍ਰਵਾਨ ਹੋ ਗਈ।

ਕਮਰੇ ਅੰਦਰ ਚਿੜੀ ਜੈਸਾ ਵੱਡੇ ਆਕਾਰ ਦਾ ਇਕ ਕਾਲਾ ਪੰਛੀ ਆਇਆ। ਸੰਤ ਜੀ ਦੇ ਮੰਜੇ ਉਪਰ ਦੋ ਚੱਕਰ ਕੱਟੇ, ਤੀਸਰਾ ਚੱਕਰ ਪੂਰਾ ਹੁੰਦੇ ਹੀ ਬਿਜਲੀ ਦੇ ਪੱਖੇ ਨਾਲ ਟਕਰਾਇਆ ਅਤੇ ਡਿਗਦੇ ਸਾਰ ਮਰ ਗਿਆ। ਸੰਤ ਜੀ ਆਖਣ ਲੱਗੇ–ਜਮ ਛੱਡ ਕੇ ਚਲੇ ਗਏ ਹਨ। ਸੰਤ ਜੀ ਦੀ ਜਗ੍ਹਾ ਪੰਛੀ ਦੀ ਜਾਨ ਗਈ। ਸਤਿਗੁਰੂ ਜੀ ਦਾ ਧੰਨਵਾਦ ਕਰ ਸਾਰੇ ਸੌਂ ਗਏ।

ਸਵੇਰੇ ਉੱਠ ਸੰਤ ਜੀ ਕਿਹਾ–ਸਦਾ ਬਰਤ ਲੰਗਰ ਦੀ ਸੇਵਾ ਵੇਲੇ ਮੈਂ ਚੋਰੀਂ ਇਕ ਔਰਤ ਦੇ ਘਰ ਜਾਕੇ ਲੰਗਰ ਦੇ ਪ੍ਰਸ਼ਾਦੇ, ਦਾਲਾ ਦੇ ਕੇ ਆਉਂਦਾ ਸੀ ਜਿਸਦੇ ਬਾਰੇ ਸਤਿਗੁਰੂ ਜੀ ਦਾ ਹੁਕਮ ਸੀ ਕਿ ਇਹ ਚਰਿੱਤਰਹੀਨ ਹੈ, ਡੇਰੇ ਵਿਚ ਨ ਆਵੇ। ਇਸ ਹੁਕਮ ਦੀ ਉਲੰਘਣਾ ਕਰਨ ਕਰਕੇ ਮੈਨੂੰ ਜਮਾਂ ਦੀ ਮਾਰ ਪਈ ਹੈ, ਪਰ ਸਤਿਗੁਰੂ ਜੀ ਦਯਾ ਕਰਕੇ ਮੈਨੂੰ ਫਿਰ ਵੀ ਨਵਾਂ ਜੀਵਨ ਦਿੱਤਾ ਹੈ।

ਜਦੋ ਸਤਿਗੁਰੂ ਜੀ ਵਿਦੇਸ਼ੋਂ ਆਏ, ਦਿੱਲੀ ਵਿਖੇ ਸਾਰੀ ਵਾਰਤਾ ਅਰਜ਼ ਕੀਤੀ ਗਈ। ਬਚਨ ਕੀਤਾ-ਸਤਿਗੁਰਾਂ ਕ੍ਰਿਪਾ ਕਰਕੇ ਬਚਾਅ ਲਿਆ, ਤੁਸਾਂ ਤੇ ਸੋਚਿਆ ਸੀ ਤੁਰ ਜਾਣਗੇ। ਸਭ ਸਿਰ ਝੁਕਾਅ ਪ੍ਰਣਾਮ ਕਰ ਘਰ ਪਰਤੇ। ਸੰਤ ਜੀ ਤੰਦਰੁਸਤ ਸਿਹਤ ਨਾਲ ਛੇ ਕੁ ਮਹੀਨੇ ਹੋਰ ਜੀਵਨ ਬਿਤਾ ਸੰਸਾਰ ਤੋਂ ਕੂਚ ਕਰ ਗਏ।

ਭੈਰਉ ਮਹਲਾ ੫

ਗੁਰ ਸੁਪ੍ਰਸੰਨ ਹੋਏ ਭਉ ਗਏ॥
ਨਾਮ ਨਿਰੰਜਨ ਮਨ ਮਹਿ ਲਏ॥
ਦੀਨ ਦਇਆਲ ਸਦਾ ਕਿਰਪਾਲ॥
ਬਿਨਸਿ ਗਏ ਸਗਲੇ ਜੰਜਾਲ॥ ੧॥
ਸੂਖ ਸਹਜ ਆਨੰਦ ਘਨੇ॥
ਸਾਧ ਸੰਗਿ ਮਿਟੇ ਭੈ ਭਰਮਾ
ਅੰਮ੍ਰਿਤ ਹਰਿ ਹਰਿ ਰਸਨ ਭਨੇ ॥੧॥ ਰਹਾਉ॥
ਚਰਨ ਕਮਲ ਸਿਉ ਲਾਗੋ ਹੇਤੁ॥
ਖਿਨ ਮਹਿ ਬਿਨਸਿਓ ਮਹਾ ਪਰੇਤੁ॥
ਆਠ ਪਹਰ ਹਰਿ ਹਰਿ ਜਪੁ ਜਾਪਿ॥
ਰਾਖਨਹਾਰ ਗੋਵਿਦ ਗੁਰ ਆਪਿ ॥੨॥
ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ॥
ਭਗਤ ਜਨਾ ਕੇ ਸਾਸ ਨਿਹਾਰੈ॥
ਮਾਨਸ ਕੀ ਕਹੁ ਕੇਤਕ ਬਾਤ॥
ਜਮ ਤੇ ਰਾਖੈ ਦੇ ਕਰਿ ਹਾਥ॥ ੩॥
ਨਿਰਮਲ ਸੋਭਾ ਨਿਰਮਲ ਰੀਤਿ॥
ਪਾਰਬ੍ਰਹਮ ਆਇਆ ਮਨਿ ਚੀਤਿ॥
ਕਰਿ ਕਿਰਪਾ ਗੁਰਿ ਦੀਨੋ ਦਾਨੁ॥
ਨਾਨਕ ਪਾਇਆ ਨਾਮੁ ਨਿਧਾਨੁ॥ ੪ ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੧੧੪੯

ਮਿਹਰਵਾਨੁ ਸਾਹਿਬ ਮਿਹਰਵਾਨੁ

ਸਿੱਖ ਆਪਣੇ ਸਤਿਗੁਰੂ ਦੀ ਖੁਸ਼ੀ ਪ੍ਰਾਪਤ ਕਰਨ 'ਚ ਆਪਣਾ ਸੁਭਾਗ ਸਮਝਦਾ ਹੈ। ਅੰਮ੍ਰਿਤ ਵੇਲੇ ਇਸ਼ਨਾਨ ਕਰ ਸਮਾਧੀ ਸਥਿਤ ਹੁੰਦਾ ਹੈ, ਸੋਧ ਰੱਖਦਾ ਹੈ, ਨਿਰਮਲ ਕਰਮ ਕਰਦਾ ਹੈ। ਸਤਿਗੁਰੂ ਐਸੇ ਕਰਮ ਕਰਨ ਵਾਲਿਆਂ ਤੇ ਖੁਸ਼ ਹੁੰਦੇ ਨੇ। ਸਿੱਖ ਤੋਂ ਕਦੇ ਹੁਕਮ ਦੀ ਉਲੰਘਣਾ ਹੋ ਜਾਵੇ ਤਾਂ ਖਿਮਾਂ ਯਾਚਨਾ ਕਰਦਾ ਹੈ। ਸਤਿਗੁਰੂ, ਔਗੁਣ ਨ ਚਿਤਾਰਦੇ ਹੋਏ, ਉਸਦੇ ਗੁਣਾਂ ਦਾ ਮੁੱਲ ਪਾ ਦੇਂਦੇ ਨੇ। ਐਸਾ ਹੀ ਦਿੱਲੀ ਵਿਖੇ ਹੋਇਆ।

ਰਮੇਸ਼ ਨਗਰ, ਪਿਛਲੇ ਪਹਿਰ ਦੇ ਦਿਵਾਨ 'ਚ ਇਕ ਬਜ਼ੁਰਗ, ਸਿੰਘਣੀ ਸਮੇਤ ਹਾਜ਼ਰ ਹੋ, ਪੁੱਤਰ ਦਾ ਘਰ ਵਿਆਹ ਕੀਤੇ ਦੀ ਭੁੱਲ ਲਈ, ਸਤਿਗੁਰੂ ਜੀ ਨੂੰ ਬਖਸ਼ਬੰਦੀ ਲਈ ਅਰਜ਼ ਕੀਤੀ। ਸਤਿਗੁਰੂ ਜੀ ਬਚਨ ਕੀਤਾ-ਤੈਨੂੰ ਬਖਸ਼ਣਾ ਨਹੀਂ ਸੀ, ਪਰ ਮਾਈ ਦਾ ਜੀਵਨ ਦੇਖ, ਬਖਸ਼ਿਆ ਹੈ। ਇਕ ਮਹੀਨਾ ਭੈਣੀ ਸਾਹਿਬ ਜਾ ਕੇ ਸੇਵਾ ਕਰੋ।

ਨ ਤੇ ਉਹ ਘਰੋਂ ਭੈਣੀ ਸਾਹਿਬ ਦੀ ਤਿਆਰੀ ਕਰਕੇ ਆਏ ਸੀ, ਨ ਉਸ ਵੇਲੇ ਸਮਾਂ ਸੀ ਅਗੋਂ ਬੱਸਾਂ ਵਗੈਰਾ ਮਿਲਣ ਦਾ। ਪਰ ਬਜ਼ੁਰਗ ਨੇ ਫੁਰਤੀ ਨਾਲ ਆਖ ਦਿੱਤਾ-ਜੀ, ਹੁਣੇ ਚਲੇ ਜਾਂਦੇ ਹਾਂ ਭੈਣੀ ਸਾਹਿਬ। ਸਤਿਗੁਰੂ ਜੀ ਮਨ ਦੀ ਸਫ਼ਾਈ ਜਾਣ ਆਗਿਆ ਕੀਤੀ। ਕਲ੍ਹ ਸਵੇਰੇ ਚਲੇ ਜਾਇਓ। ਸੇਵਾ, ਇਕ ਮਹੀਨੇ ਦੀ ਬਜਾਏ, ਪੰਦਰਾਂ ਦਿਨ ਕਰਨੀ ਹੈ।

ਤਿਲੰਗ ਮਹਲਾ ੫

ਮਿਹਰਵਾਨੁ ਸਾਹਿਬ ਮਿਹਰਵਾਨੁ॥
ਸਾਹਿਬ ਮੇਰਾ ਮਿਹਰਵਾਨੁ॥
ਜੀਅ ਸਗਲ ਕਉ ਦੇਇ ਦਾਨੁ॥ ਰਹਾਉ॥
ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥ ੧॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ॥ ੨॥
ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ॥
ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥ ੩॥
ਤੂ ਸਮਰਥੁ ਅਕਥੁ ਅਗੋਚਰ ਜੀਉ ਪਿੰਡ ਤੇਰੀ ਰਾਸਿ॥
ਰਹਮ ਤੇਰੀ ਸੁਖ ਪਾਇਆ ਸਦਾ ਨਾਨਕ ਦੀ ਅਰਦਾਸਿ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੭੨੪

ਨਾਨਕ ਤਿਨ ਕਉ ਸਤਿਗੁਰੁ ਮਿਲਿਆ

ਸਤਿਗੁਰੂ ਤੇ ਸਿੱਖ ਦਾ ਜੁਗਾਂਤਰਾ ਦਾ ਸੰਬੰਧ ਹੁੰਦਾ ਹੈ। ਸਮੇਂ-ਸਮੇਂ ਅਨੁਸਾਰ ਧਰਤੀ 'ਤੇ ਅਵਤਾਰ ਧਾਰਨ ਵੇਲੇ ਸਤਿਗੁਰੂ ਆਪਣੇ ਸਿੱਖਾਂ ਨੂੰ ਵੀ ਨਾਲ ਲਿਆਉਂਦੇ ਹਨ। ਸਤਿਗੁਰੂ ਇਹ ਜਾਣਦੇ ਹਨ ਐਸ ਵੇਲੇ ਜਿਹੜੇ ਮੇਰੇ ਸਿੱਖ ਹਨ, ਇਹਨਾਂ ਦੇ ਪਿਛਲੇ ਕਰਮ ਕੀ ਹਨ। ਸਿੱਖਾਂ ਪਾਸੋਂ ਸ਼ੁਭ ਕਰਮ ਉਹ ਆਪ ਹੀ ਕ੍ਰਿਪਾ ਕਰਕੇ ਕਰਵਾਉਂਦੇ ਹਨ ਅਤੇ ਉਹਨਾਂ ਦੀ ਭਗਤੀ ਅਨੁਸਾਰ ਯੋਗ ਸਥਾਨ ਬਖਸ਼ਦੇ ਹਨ। ਸਤਿਗੁਰੂ ਅਤੇ ਸਿੱਖ ਦਾ ਮਿਲਾਪ ਪਿਛਲੇ ਜਨਮ ਦੇ ਕਰਮਾਂ ਕਰਕੇ ਹੁੰਦਾ ਹੈ।

ਸੰਨ 1988. ਦਿੱਲੀ ਸੇਠ ਤਰਲੋਕ ਸਿੰਘ ਦੀ ਕੋਠੀ, ਸਤਿਗੁਰੂ ਜੀ ਨਵੇਕਲੇ ਬੈਠ ਅਖਬਾਰ ਪੜ੍ਹ ਰਹੇ ਸੀ। ਜਥੇਦਾਰ ਜੋਗਾ ਸਿੰਘ ਮੱਥਾ ਟੇਕ ਅਰਜ਼ ਕੀਤੀ-ਕ੍ਰਿਪਾ ਕਰੋ ਪਿਛਲੇ ਜਨਮਾਂ ਦੇ ਜਿੰਨੇ ਮਾੜੇ ਕਰਮ ਨੇ, ਬਖਸ਼ ਦਿਓ। ਬਚਨ ਕੀਤਾ-"ਜੇ ਪਿਛਲੇ ਜਨਮਾਂ ਦੇ ਮਾੜੇ ਕਰਮ ਹੁੰਦੇ, ਤੂੰ ਇਸ ਜਨਮ ਵਿਚ ਮੇਰਾ ਸਿੱਖ ਨ ਬਣਦਾ।" ਜਥੇਦਾਰ ਜੀ ਬਚਨ ਸੁਣ ਸਿਰ ਝੁਕਾਇਆ। ਕਈ ਚਿਰਾਂ ਤੋਂ ਪੈਦਾ ਹੋਏ ਸਵਾਲ ਦਾ ਉੱਤਰ ਸੁਣ ਸੰਸਾ ਦੂਰ ਹੋਇਆ। ਇਸ ਜਨਮ ਵਿਚ ਮਾੜੇ ਕਰਮ ਨਾ ਹੋਣ, ਅਰਦਾਸ ਕਰ, ਬਖਸ਼ਿਸ਼ ਮੰਗਦੇ ਹੀ ਰਹਿਣਾ ਚਾਹੀਦਾ ਹੈ।

ਸਲੋਕ ਮਹਲਾ ੧

ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥
ਓਨਾ ਰਿਜਕੁ ਨ ਪਇਓ ਓਥੈ ਓਨਾ ਹੋਰੋ ਖਾਣਾ॥
ਸਚਿ ਕਮਾਈਐ ਸਚੋ ਪਾਈਐ ਕੂੜੈ ਕੂੜਾ ਮਾਣਾ॥
ਨਾਨਕ ਤਿਨ ਕਉ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੯੫੬

ਸਰਬ ਉਬਾਰਣ ਹੈਂ

ਸਤਿਗੁਰੂ ਹਸਤੀ ਸਰਬ ਸਾਂਝੀ ਹੈ। ਉਹ ਸਮਦਰਸੀ ਹੈ। ਸਭ ਉਸਦੇ ਹਨ।

ਸਿਰਫ ਮਨੁੱਖ ਹੀ ਨਹੀਂ, ਚੁਰਾਸੀ ਲੱਖ ਜੂਨਾਂ 'ਚ ਵਿਚਰ ਰਹੇ ਜੀਵ ਉਸਦੀ ਨਦਰ ਵਿਚ ਨੇ। ਉਹ ਸਭ ਤੇ ਕ੍ਰਿਪਾ ਕਰਦੇ ਨੇ।

ਸੰਨ 2000 ਵਿਚ, ਸਤਿਗੁਰੂ ਜੀ ਤੋਂ ਆਗਿਆ ਪ੍ਰਾਪਤ ਕਰ ਜਥੇਦਾਰ ਜੋਗਾ ਸਿੰਘ ਨੇ ਡਾ. ਨੰਦ ਕਿਸ਼ੋਰ ਤੋਂ ਰੇਕੀ ਦੀ ਸਿਖਲਾਈ ਲੈ, ਸਤਿਗੁਰੂ ਜੀ ਪਾਸੋਂ ਮਾਸਟਰ ਡਿਗਰੀ ਪ੍ਰਾਪਤ ਕੀਤੀ (ਤਸਵੀਰ ਪੰਨਾ IX)। ਜਦੋਂ ਵੀ ਰੇਕੀ ਇਲਾਜ ਕਰਦੇ ਸੀ, ਇਹੋ ਸਮਝਣਾ, ਰੋਗੀ ਦਾ ਦੁੱਖ ਤਾਂ ਸਤਿਗੁਰੂ ਜੀ ਹੀ ਦੂਰ ਕਰਦੇ ਨੇ, ਸਾਡਾ ਤਾਂ ਸਿਰਫ ਰੋਟੀ ਦਾ ਸਾਧਨ ਬਣਾਇਆ ਹੋਇਆ ਹੈ।

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਕਰਨਲ ਨਰਿੰਦਰਪਾਲ ਸਿੰਘ ਚੌਹਾਨ ਦੀ ਪਤਨੀ ਨੂੰ ਰੇਕੀ ਇਲਾਜ ਨਾਲ ਲਾਭ ਪਹੁੰਚਾ। ਜਥੇਦਾਰ ਜੀ ਕਿਹਾ – ਸਤਿਗੁਰੂ ਜੀ ਦਾ ਧੰਨਵਾਦ ਕਰੋ। 11-09-1998 ਨੂੰ ਸਤਿਗੁਰੂ ਜੀ ਦਿੱਲੀ ਛੌਣੀ ਉਹਨਾਂ ਦੇ ਘਰ ਚਰਨ ਪਾਏ। 15-20 ਸਰੀਰ ਦਰਸ਼ਨਾਂ ਲਈ ਆਏ। ਸਭ ਨੇ ਚਰਨ ਪਰਸ ਜਨਮ ਸਫਲ ਕੀਤਾ। ਸੂਬਾ ਸੁਖਦੇਵ ਸਿੰਘ ਨੂੰ ਹੁਕਮ ਹੋਇਆ – ਸਭ ਨੂੰ ਭਜਨ ਦੱਸ ਦਿਓ। ਸਤਿਗੁਰੂ ਜੀ ਕਰ ਕੰਵਲਾਂ ਨਾਲ ਸਭ ਨੂੰ ਮਾਲਾ ਦਿੱਤੀਆਂ। ਕਰਨਲ ਸਾਹਿਬ ਭੇਟਾ ਧਰ ਕੋਟਾਨ ਕੋਟ ਧੰਨਵਾਦ ਕੀਤਾ। (ਤਸਵੀਰਾਂ ਪੰਨਾ X)

ਜਗਤੇਸੁਰ ਹੈਂ॥ ਪ੍ਰੇਮਸੁਰ ਹੈਂ॥
ਕਲਿ ਕਾਰਣ ਹੈਂ॥ ਸਰਬ ਉਬਾਰਣ ਹੈਂ॥

ਗੁਰੂ ਗੋਬਿੰਦ ਸਿੰਘ – ਜਾਪੁ ਸਾਹਿਬ॥ ੧੭੨॥

ਦੀਨ ਦਇਆਲ ਦੁਖ ਭੰਜਨੋ

ਸੰਸਾਰ ਦੁਖਾਂ ਦਾ ਘਰ ਹੈ। ਗ੍ਰੰਥਾ ਅਨੁਸਾਰ ਜੀਵ ਚੰਗੇ-ਮਾੜੇ ਕੀਤੇ ਹੋਏ ਕਰਮਾਂ ਕਾਰਣ ਸੁੱਖ-ਦੁੱਖ ਭੋਗਦਾ ਹੈ। ਅਗਿਆਨਤਾ ਵੱਸ ਮਨੁੱਖ ਨੂੰ ਪਤਾ ਨਹੀਂ ਹੁੰਦਾ ਕਿ ਕਿਸ ਕਾਰਨ ਉਹ ਦੁੱਖ ਭੋਗ ਰਿਹਾ ਹੈ। ਸਤਿਗੁਰੂ ਦੀ ਦੱਸੀ ਮਰਯਾਦਾ ਦੇ ਉਲਟ ਜਾਣ ਕਰਕੇ ਜਿਆਦਾ ਦੁੱਖ ਹੁੰਦੇ ਨੇ। ਪਰ ਜਦੋਂ ਦੁੱਖਾਂ ਦਾ ਘੇਰਿਆ ਮਨੁੱਖ ਸਤਿਗੁਰੂ ਨੂੰ ਯਾਦ ਕਰਦਾ ਹੈ, ਉਹ ਦਯਾਵਾਨ ਹੋ ਉਸਦੇ ਦੁੱਖ ਦੂਰ ਕਰ ਦੇਂਦੇ ਨੇ।

ਦਿੱਲੀ, ਮੁਨੀਰਕਾ ਕਸਬੇ 'ਚ ਇਕ ਮਰੀਜ਼ 5 ਮਹੀਨੇ ਤੋਂ ਬਿਮਾਰ ਪਿਆ ਸੀ। ਲੱਤਾਂ ਸਿੱਧੀਆਂ ਨਹੀਂ ਸੀ ਹੁੰਦੀਆਂ। ਜਥੇਦਾਰ ਜੋਗਾ ਸਿੰਘ ਨੇ, ਸਤਿਗੁਰੂ ਜੀ ਅੱਗੇ ਅਰਦਾਸ ਕਰ ਰੇਕੀ ਇਲਾਜ ਸ਼ੁਰੂ ਕੀਤਾ ਅਤੇ ਸਤਿਗੁਰੂ ਜੀ ਦੀ ਇਕ ਫੋਟੋ ਦੇ ਕੇ ਆਖਿਆ – ਇਸਦਾ ਰੋਜ਼ ਦਰਸ਼ਨ ਕਰ, ਅਰਦਾਸ ਕਰਿਆ ਕਰ। ਚੌਥੇ ਦਿਨ ਲੱਤਾਂ ਸਿੱਧੀਆਂ ਹੋ ਗਈਆਂ। ਉਹ ਜਥੇਦਾਰ ਜੀ ਨੂੰ ਆਖਣ ਲੱਗਾ-ਜਿਸ ਸਤਿਗੁਰੂ ਦੀ ਤੁਸੀਂ ਫੋਟੋ ਦਿੱਤੀ ਹੈ, ਅੱਜ ਅੰਮ੍ਰਿਤ ਵੇਲੇ ਉਹਨਾਂ ਦਰਸ਼ਨ ਦਿੱਤੇ ਸਨ। ਨੂਰੀ ਚਿਹਰਾ, ਕਮਰੇ 'ਚ ਪ੍ਰਕਾਸ਼ ਸੀ। ਦਰਸ਼ਨ ਦੇ ਕੇ ਕ੍ਰਿਪਾ ਕਰ ਗਏ, ਅੱਜ ਮੇਰੀਆਂ ਲੱਤਾਂ ਸਿੱਧੀਆਂ ਹੋ ਗਈਆਂ।

ਰਾਮਕਲੀ ਮਹਲਾ ੫

ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ॥
ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ॥੧॥
ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ॥
ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੯੨੭

ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ

ਇਨਸਾਨ ਦਾ ਖਾਣਾ-ਪੀਣਾ ਐਸਾ ਹੋਵੇ ਕਿ ਤਨ, ਮਨ ਦੇ ਰੋਗ ਨ ਲਗਣ। ਪਰ ਅਗਿਆਨਤਾ ਵੱਸ ਕਈ ਭੋਜਨ ਸਰੀਰ 'ਚ ਰੋਗ ਪੈਦਾ ਕਰ ਦੇਂਦੇ ਹਨ। ਜਦੋਂ ਸਥਿਤੀ ਵਿਗੜ ਜਾਂਦੀ ਹੈ, ਡਾਕਟਰਾਂ ਦੀ ਸਲਾਹ ਲਈ ਜਾਂਦੀ ਹੈ। ਕਦੇ ਡਾਕਟਰ ਦੱਸਦੇ ਨੇ- ਅਸਾਧ ਰੋਗ ਹੋ ਗਿਆ ਹੈ, ਕਦੇ ਰੋਗ ਨਿਵਾਰਣ ਯੋਗ ਹੁੰਦਾ ਹੈ ਪਰ ਇਲਾਜ ਕਰਵਾਣ ਦੀ ਸਮਰੱਥਾ ਨਹੀਂ ਹੁੰਦੀ। ਦੋਨਾਂ ਸਥਿਤੀਆਂ 'ਚ ਮਨੁੱਖ ਸਤਿਗੁਰੂ ਦੀ ਸ਼ਰਨ ਜਾ, ਕ੍ਰਿਪਾ ਲਈ ਯਾਚਨਾ ਕਰਦਾ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਨੇ, ਅੰਮ੍ਰਿਤ ਮਈ ਦ੍ਰਿਸ਼ਟੀ ਨਾਲ ਦੁੱਖ ਦੂਰ ਹੋ ਜਾਂਦਾ ਹੈ।

ਸੰਤ ਸੁਰਿੰਦਰ ਸਿੰਘ ਅਰੋੜਾ, ਨਾਮਧਾਰੀ ਮਾਰਬਲ, ਦਿੱਲੀ ਨੂੰ ਲਿਵਰ 'ਚ ਖਰਾਬੀ ਦੀ ਬਿਮਾਰੀ ਹੋ ਗਈ। ਸਤਿਗੁਰੂ ਜੀ ਪਾਸ ਅਰਜ਼ ਕੀਤੀ – ਡਾਕਟਰ 20 ਹਜ਼ਾਰ ਦਾ ਬਿੱਲ ਦੱਸਦੇ ਨੇ, ਕ੍ਰਿਪਾ ਕਰੋ ਬਿਨਾਂ ਓਪਰੇਸ਼ਨ ਠੀਕ ਹੋ ਜਾਵਾਂ। ਹੁਕਮ ਹੋਇਆ–ਰੇਕੀ ਕਰਵਾ ਅਤੇ ਜਥੇਦਾਰ ਜੋਗਾ ਸਿੰਘ ਨੂੰ ਇਸ਼ਾਰਾ ਹੋ ਗਿਆ। ਰੇਕੀ ਇਲਾਜ਼ ਉਪਰੰਤ ਡਾਕਟਰੀ ਜਾਂਚ ਕਰਵਾਈ, ਲਿਵਰ ਬਿੱਲਕੁਲ ਠੀਕ ਸੀ। ਸੰਤ ਜੀ ਕੋਠੀ ਜਾ, ਸੱਚੇ ਪਾਤਸ਼ਾਹ ਜੀ ਦਾ ਧੰਨਵਾਦ ਕੀਤਾ। ਸਤਿਗੁਰੂ ਜੀ, ਸੇਵਕ ਰਛਪਾਲ ਸਿੰਘ ਨਾਲ ਬਚਨ ਕੀਤਾ "ਇੰਜ ਵੀ ਹੁੰਦੈ"

ਧਨਾਸਰੀ ਮਹਲਾ ੫

ਚਤੁਰ ਦਿਸਾ ਕੀਨੋ ਬਲੁ ਅਪੁਨਾ ਸਿਰ ਊਪਰਿ ਕਰੁ ਧਾਰਿਓ॥
ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ ਦਾਸ ਦਾ ਦੂਖ ਬਿਦਾਰਿਓ॥੧॥
ਹਰਿਜਨ ਰਾਖੇ ਗੁਰੁ ਗੋਵਿੰਦ॥
ਕੰਠ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ॥ ਰਹਾਉ॥
ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੬੮੧

ਚਰਣ ਕਮਲ ਤੇਰੇ ਧੋਇ ਧੋਇ ਪੀਵਾ

ਸਤਿਗੁਰੂ ਦੇ ਚਰਣ ਕਮਲਾਂ ਦੀ ਕਥਾ ਨਿਆਰੀ ਹੈ। ਇਹਨਾਂ ਚਰਣ ਕਮਲਾਂ ਨਾਲ ਮੱਥਾ ਛੂਹ ਜਾਵੇ ਤਾਂ ਮਨੁੱਖ ਦੇ ਭਾਗ ਬਦਲ ਜਾਂਦੇ ਨੇ। ਇਹ ਚਰਣ ਕਮਲ ਬੰਜਰ ਧਰਤੀ ਨੂੰ ਛੂਹ ਜਾਣ, ਹਰਿਆਵਲ ਹੋ ਜਾਂਦੀ ਹੈ। ਇਹਨਾਂ ਚਰਣ ਕਮਲਾਂ ਦੀ ਧੂੜ ਨੂੰ ਜਲ 'ਚ ਘੋਲ, ਛੱਕ ਕੇ ਕਈਆਂ ਨੇ ਆਪਣੇ ਦੁੱਖੜੇ ਦੂਰ ਕਰ ਲਏ। ਇਹਨਾਂ ਚਰਣ ਕਮਲਾ ਨੂੰ ਧੋਕੇ, ਪੀਣ ਦਾ ਸੁਭਾਗ ਪ੍ਰਾਪਤ ਹੋ ਜਾਵੇ ਤਾਂ ਫਿਰ ਅਜਬ ਨਜ਼ਾਰੇ, ਖੇੜੇ ਹੀ ਖੇੜੇ, ਰੂਹਾਨੀ ਮੰਡਲ ਦੀਆਂ ਸੈਰਾਂ ਦਾ ਵਰਨਣ, ਕਥਨ ਤੋਂ ਪਰੇ।

23 ਦਸੰਬਰ 1992, ਡਾ. ਨੰਦ ਕਿਸ਼ੋਰ, ਕਰੋਲ ਬਾਗ, ਦਿੱਲੀ ਦੇ ਘਰ ਸਤਿਗੁਰੂ ਜੀ ਚਰਨ ਪਾਏ। ਡਾਕਟਰ ਜੀ ਦੀ ਪਤਨੀ ਡਾ. ਸਵਿਤਾ ਸ਼ਰਮਾ ਨੇ ਗੰਗਾ ਜਲ ਨਾਲ ਸਤਿਗੁਰੂ ਜੀ ਦੇ ਚਰਨ ਧੋ ਕੇ ਪਵਿਤਰ ਜਲ ਸੰਭਾਲ ਕੇ ਰੱਖ ਲਿਆ। ਫਿਰ ਉਹਨਾਂ ਨੇ ਸੰਧੂਰ ਵਾਲੇ ਜਲ 'ਚ ਸਤਿਗੁਰੂ ਜੀ ਦੇ ਚਰਨ ਰੱਖਵਾ, ਸਫੇਦ ਕੱਪੜੇ ਉੱਤੇ ਚਰਨਾਂ ਦੀ ਛਾਪ ਲੈ ਕੇ ਫਰੇਮ ਕਰਵਾ ਲਈ ਤਾ ਕਿ ਜਦੋਂ ਚਾਹੁਣ ਚਰਨ ਕਮਲਾਂ ਦੇ ਦਰਸ਼ਨ ਕਰ ਲਿਆ ਕਰਨ (ਤਸਵੀਰ ਪੰਨਾ XI)। ਪਵਿੱਤਰ ਜਲ ਛਕ ਉਹਨਾਂ ਦੀ ਚੜ੍ਹਦੀ ਕਲਾ ਹੋ ਗਈ। ਕਾਰੋਬਾਰ 'ਚ ਵਾਧਾ ਹੋ ਗਿਆ। ਲੱਛਮੀ ਭੀ ਵਰਸਣ ਲੱਗ ਪਈ।

ਜਥੇਦਾਰ ਜੋਗਾ ਸਿੰਘ ਨੂੰ ਉਸ ਪਵਿਤ੍ਰ ਜਲ ਦੀਆਂ ਕੁੱਝ ਬੂੰਦਾਂ ਮਿਲ ਗਈਆਂ। ਛਕਣ ਉਪਰੰਤ ਮਨ ਦੀ ਅਵੱਸਥਾ ਹੋਰ ਵਿਸਮਾਦੀ ਹੋ ਗਈ।

ਸੂਹੀ ਮਹਲਾ ੫

ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ॥
ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ॥ ੧॥
ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ॥
ਤੁਧ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ॥੧॥ ਰਹਾਉ॥
ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂ ਆਪਿ ਕਰਾਇਹ॥
ਤਹਾ ਬੈਕੁੰਠ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹ॥ ੨॥
ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ॥
ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ॥੩॥
ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰ ਪੂਰਾ ਪਾਇਆ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੧੪੯

ਅੰਤਰਜਾਮੀ ਸਭ ਕਿਛੁ ਜਾਨੈ

ਸਤਿਗੁਰੂ ਪ੍ਰਤੱਖ ਅਕਾਲ ਪੁਰਖ, ਸਰਬ ਸ਼ਕਤੀਮਾਨ ਹੁੰਦੇ ਹੋਏ ਆਮ ਵਿਅਕਤੀ ਦੀ ਤਰ੍ਹਾਂ ਸੰਸਾਰ 'ਚ ਵਿਚਰਦੇ ਨੇ। ਕਈ ਵਾਰ ਐਸਾ ਕੌਤਕ ਰਚਦੇ ਨੇ, ਨਿਕਟਵਰਤੀ, ਆਮ ਵਿਅਕਤੀ ਸਮਝਦੇ ਨੇ, ਇਹ ਤੇ ਸਾਡੇ ਵਰਗਾ ਹੀ ਹੈ, ਆਖਰ ਹੈ ਤੇ ਬੰਦਾ ਹੀ। ਜਦ ਉਹ ਸਤਿਗੁਰੂ ਦੇ ਹਜ਼ੂਰ ਆਪਣੀ ਚਤੁਰਾਈ ਦਾ ਜੌਹਰ ਪੇਸ਼ ਕਰਨ ਦਾ ਯਤਨ ਕਰਦੇ ਹਨ ਤਾਂ ਫਿਰ ਸਤਿਗੁਰੂ ਜੀ ਉਸਦਾ ਭਰਮ ਦੂਰ ਕਰਕੇ ਸੋਝੀ ਬਖਸ਼ਦੇ ਨੇ।

ਵਾਰਤਾ, ਇਕ ਅੱਸੂ ਦੇ ਮੇਲੇ ਦੇ ਅਖੀਰਲੇ ਦਿਨਾਂ 'ਚ, ਸ੍ਰੀ ਭੈਣੀ ਸਾਹਿਬ ਦੀ ਹੈ। ਆਸਾ ਦੀ ਵਾਰ 'ਚ ਸੰਤ ਜਮੀਤ ਸਿੰਘ ਜੌਹਲ, ਜਥੇਦਾਰ ਜੋਗਾ ਸਿੰਘ ਨੂੰ ਮਿਲੇ। ਆਖਣ ਲੱਗੇ ਤਿੰਨ-ਚਾਰ ਖੁਲ੍ਹੇ ਸਿੰਘ ਮੇਰੇ ਨਾਲ ਆਏ ਨੇ, ਇਹਨਾਂ ਭਜਨ ਪੁੱਛਣਾ ਹੈ, ਸਤਿਗੁਰੂ ਜੀ ਨੂੰ ਅਰਜ਼ ਕਰੀਏ। ਭੋਗ ਪੈਂਦੇ ਸਾਰ ਹੀ ਜਥੇਦਾਰ ਜੀ ਹੱਥ ਜੋੜ ਅਰਜ਼ ਕੀਤੀ। ਸਤਿਗੁਰੂ ਜੀ ਬਚਨ ਕੀਤਾ-ਤੂੰ ਮੇਲੇ ਤੇ ਦੇਰੀ ਨਾਲ ਆਇਐਂ। ਤੈਨੂੰ ਪਤਾ ਨਹੀਂ, ਅਰਜ਼ਾਂ ਮੇਲੇ ਦੇ ਆਖਰੀ ਦਿਨ ਹੋਣੀਆਂ ਹਨ। ਹੁਣ ਤੈਨੂੰ ਕੁੱਝ ਨਹੀਂ ਆਂਹਦਾ। ਭਜਨ ਪੁੱਛਣ ਵਾਲਿਆਂ ਨੂੰ ਬੁਲਾ। ਤੇੜ ਚਾਦਰੇ, ਮੋਢੇ ਤੇ ਪਰਨੇ, ਕਰੜ-ਬਰੜੀਆਂ ਦਾਹੜੀਆਂ, ਪੇਂਡੂ ਰਿਵਾਜ਼ ਦੀਆਂ ਬੱਧੀਆਂ ਪੱਗੜੀਆਂ, ਚਾਰ ਕੁ ਜਣੇ, ਲਿਆ ਸਾਹਮਣੇ ਖੜ੍ਹੇ ਕੀਤੇ।

ਸਤਿਗੁਰੂ ਜੀ ਉਹਨਾਂ ਸਰੀਰਾਂ ਨੂੰ ਸਿਰ ਤੋਂ ਪੈਰਾਂ ਤੱਕ ਬੜੀ ਗੰਭੀਰਤਾ ਨਾਲ ਦੇਖ ਬਚਨ ਕੀਤਾ-ਭਜਨ ਤੇ ਇਹਨਾਂ ਪਹਿਲਾਂ ਹੀ ਪੁਛਿਐ। ਜਥੇਦਾਰ ਜੀ ਅਰਜ਼ ਕੀਤੀ - ਜੀ, ਕੋਈ ਹੋਰ ਅਵੱਗਿਆ ਹੋ ਗਈ ਹੋਣੀ ਹੈ ਜਿਸ ਕਰਕੇ ਭਜਨ ਦੀ ਫਿਰ ਯਾਚਨਾ ਕਰਦੇ ਹਨ। ਸਚੇ ਪਾਤਸ਼ਾਹ ਜੀ ਬਚਨ ਕੀਤਾ-ਜਿਹੜਾ ਭਜਨ ਪਹਿਲਾਂ ਪੁਛਿਐ, ਉਹੀ ਫਲੇਗਾ। ਜਥੇਦਾਰ ਜੀ ਖਿਮਾ ਮੰਗ, ਸਭ ਨੂੰ ਨਾਲ ਲੈ ਪਾਸੇ ਹੋਏ।

ਉਹਨਾਂ ਸਿੰਘਾਂ ਨੂੰ ਜਥੇਦਾਰ ਜੀ ਆਖਿਆ-ਸਤਿਗੁਰੂ ਜੀ ਦੇ ਸਨਮੁਖ ਤੁਸੀਂ ਮੇਰੀ ਹਾਲਤ ਪਤਲੀ ਕਰ ਦਿੱਤੀ। ਉਹਨਾਂ 'ਚੋਂ ਇੱਕ ਠੇਠ ਪੰਜਾਬੀ 'ਚ ਆਖਣ ਲੱਗਾ-ਜਦੋਂ ਇਹ ਗੱਦੀ ਤੇ ਨਵੇਂ-ਨਵੇਂ ਬੈਠੇ ਸਨ, ਸਾਡੇ ਪਿੰਡ ਆਏ। ਦਿਵਾਨ ਲੱਗਾ। ਬੜੀ ਭੀੜ ਸੀ। ਭਜਨ ਪੁੱਛਣ ਵਾਲਿਆਂ ਵਿਚ ਅਸੀਂ ਵੀ ਸੀ। ਇਕ ਸਿੰਘ ਭਜਨ ਦੱਸਦਾ ਸੀ। ਗੁਰੂ ਮਹਾਰਾਜ ਹੋਰ ਕਿਸੇ ਨਾਲ ਬਚਨ ਕਰ ਰਹੇ ਸੀ। ਇਹਨਾਂ ਸਾਨੂੰ ਭਜਨ ਪੁੱਛਦਿਆਂ ਨੂੰ ਦੇਖਿਆ ਨਹੀਂ। ਸਾਡੀ ਕੁੱਝ ਤਸੱਲੀ ਨਾ ਹੋਈ। ਅਸਾਂ ਸੋਚਿਆ ਸਤਿਗੁਰਾਂ ਨੂੰ ਕਿਹੜਾ ਪਤਾ ਹੈ, ਹੁਣ ਫੇਰ ਪੁੱਛ ਲੈਂਦੇ ਹਾਂ, ਪਰ ਸਤਿਗੁਰਾਂ

ਤਾਂ ਕਮਾਲ ਹੀ ਕਰ ਦਿੱਤੀ। ਐਨੇ ਸਾਲ ਪੁਰਾਣੀ ਗੱਲ ਦੱਸ ਦਿੱਤੀ ਕਿ ਭਜਨ ਪਹਿਲਾਂ ਹੀ ਪੁੱਛਿਆ ਹੈ। ਵਾਹ! ਇਹ ਤੇ ਅੰਤਰਜਾਮੀ ਗੁਰੂ ਹੈ। ਹੁਣ ਸਾਡੀ ਤਸੱਲੀ ਹੋ ਗਈ ਹੈ। ਭਜਨ ਕਰਾਂਗੇ ਦੱਬ ਕੇ।

ਆਸਾ ਮਹਲਾ ੫

ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਇ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ॥ ੧॥
ਗੋਵਿੰਦ ਭਜਨ ਕੀ ਮਤਿ ਹੈ ਹੋਰਾ॥
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ॥ ੧॥ ਰਹਾਉ॥
ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ॥
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ॥ ੨॥
ਉਘਰਿ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾ ਆਇਆ॥
ਅੰਤਰਜਾਮੀ ਸਭ ਕਿਛੁ ਜਾਨੈ ਉਸ ਤੇ ਕਹਾ ਛਪਾਇਆ॥
ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ॥
ਸਤਿ ਸਤਿ ਸਤਿ ਨਾਨਕ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ. ੩੮੧

ਸਤਿਗੁਰ ਗਹਿਰ ਗੰਭੀਰ ਹੈ

ਮਨੁੱਖੀ ਸੁਭਾਅ ਹੈ ਆਪਣੀ ਚਤੁਰਤਾ, ਸਿਆਣਪ ਵਿਖਾਉਣੀ। ਗੱਲ ਚੰਗੀ ਹੈ, ਪਰ ਇਹ ਉੱਥੇ ਹੀ ਵਿਖਾਉਣੀ ਚਾਹੀਦੀ ਹੈ ਜਿੱਥੇ ਯੋਗ ਹੋਵੇ। ਸਤਿਗੁਰੂ ਦੇ ਸਨਮੁਖ ਹੋ, ਚਤੁਰਤਾ, ਸਿਆਣਪ, ਚਲਾਕੀ ਵਿਖਾਉਣੀ ਯੋਗ ਨਹੀਂ ਹੈ। ਉੱਥੇ ਤਾ ਸਮਰਪਣ ਭਾਵਨਾ ਨਾਲ ਸਿਰ ਝੁਕਾ, ਸਤ ਬਚਨ ਕਹਿਣ 'ਚ ਹੀ ਭਲਾ ਹੈ। ਗੁਰੂ ਦੇ ਸਨਮੁਖ "ਆਪੁ ਗਵਾਈਐ ਤਾ ਸਹੁ ਪਾਈਐ"- ਜਿਨ੍ਹਾਂ ਆਪਣੀ ਹੋਂਦ ਨੂੰ ਗਵਾ ਲਿਆ, ਉਨ੍ਹਾਂ ਹੀ ਗੁਰੂ ਨੂੰ ਪਾ ਲਿਆ।

ਸੰਨ 1974 ਨਵੰਬਰ-ਦਸੰਬਰ, ਜ਼ਿਲ੍ਹਾ ਜਲੰਧਰ ਦੇ ਦੌਰੇ ਸਮੇਂ ਸਤਿਗੁਰੂ ਜੀ, ਪਿੰਡ ਮਹਿਤਪੁਰ, ਦਰਸ਼ਨ ਦਿੱਤੇ। ਦਿਵਾਨ ਉਪਰੰਤ ਆਗਿਆ ਕੀਤੀ-ਸ੍ਰੀ ਭੈਣੀ ਸਾਹਿਬ, ਇਕ ਸਾਲ ਰਹਿ ਕੇ, ਸਵਾ ਲੱਖ ਪਾਠ ਕਰਨੇ ਹਨ, ਆਪਣੇ ਨਾਮ ਲਿਖਾਓ। ਇਕ ਬਜ਼ੁਰਗ ਆਖਿਆ-ਮੇਰਾ ਨਾਮ ਲਿਖੋ। ਸਤਿਗੁਰੂ ਜੀ ਬਚਨ ਕੀਤਾ-ਤੇਰਾ ਨਾਮ ਨਹੀਂ ਲਿਖਣਾ, ਤੈਂ ਪਿਛਲੀ ਗੱਲ ਨਹੀਂ ਨਿਬੇੜੀ। ਸਿੱਖ ਨੇ ਚਤੁਰਤਾ ਨਾਲ ਅਰਜ਼ ਕੀਤੀ-ਤੁਸਾਂ ਮਸਤਾਨ ਗੜ੍ਹ ਵੱਲ ਅੱਸੂ ਦੇ ਮੇਲੇ ਤੇ ਬਖਸ਼ਬੰਦੀ ਕਰ ਦਿੱਤੀ ਸੀ ਸਭ ਦੀ, ਮੇਰੀ ਗੱਲ ਵੀ ਨਿੱਬੜ ਗਈ। ਸਤਿਗੁਰੂ ਜੀ ਗੰਭੀਰਤਾ ਨਾਲ ਸੋਚ ਕੇ ਬਚਨ ਕੀਤਾ-ਬਖਸ਼ੇ ਉਹ ਗਏ ਸਨ ਜਿਹੜੇ ਮੇਲੇ ਤੇ ਗਏ ਸਨ। ਤੂੰ ਮੇਲੇ ਤੇ ਗਿਆ ਹੀ ਨਹੀਂ-ਤੇਰੀ ਘਰ ਵਾਲੀ ਗਈ ਸੀ, ਉਹ ਬਖਸ਼ੀ ਗਈ, ਤੇਰੀ ਬਖਸ਼ਬੰਦੀ ਨਹੀਂ ਹੋਈ। ਅੰਤਰਜਾਮਤਾ ਦਾ ਬਚਨ ਸੁਣ ਸਿੱਖ ਅਸਚਰਜ ਹੋਇਆ। ਕੁੱਝ ਨਾ ਸੁੱਝੇ। ਕੋਲੋਂ ਪੰਡਤ ਗੋਪਾਲ ਸਿੰਘ ਜੀ ਬੋਲੇ-"ਸੱਚੇ ਪਾਤਸ਼ਾਹ, ਹੁਣ ਬਖਸ਼ ਦਿਓ। ਸਤਿਗੁਰੂ ਜੀ, ਪੰਡਤ ਜੀ ਵੱਲ ਵੇਖ ਮੁਸਕਰਾਏ। ਚਲੋ, ਤੁਹਾਡਾ ਆਖਾ ਮੰਨ ਲੈਂਦੇ ਹਾਂ। ਬਜ਼ੁਰਗ ਦੀ ਬਖਸ਼ਬੰਦੀ ਹੋਈ ਤੇ ਨਾਮ ਲਿਖਿਆ ਗਿਆ।

ਸਤਿਗੁਰ ਗਹਿਰ ਗੰਭੀਰ ਹੈ ਸੁਖ ਸਾਗਰੁ ਅਘਖੰਡ॥
ਜਿਨਿ ਗੁਰ ਸੇਵਿਆ ਆਪਣਾ ਜਮਦੂਤ ਨ ਲਗੈ ਡੰਡੁ॥
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡ॥
ਨਾਮੁ ਨਿਧਾਨੁ ਸਤਗੁਰਿ ਦੀਆਂ ਸੁਖੁ ਨਾਨਕ ਮਨ ਮਹਿ ਮੰਡੁ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੫੦

ਗੁਰ ਕਾ ਸਿਖ ਬਿਕਾਰ ਤੇ ਹਾਟੈ

ਸਤਿਗੁਰੂ ਜੀ ਦੀ ਕ੍ਰਿਪਾ ਨਾਲ ਨਾਮਧਾਰੀ ਪਰਵਾਰ ਦੈਵੀ ਗੁਣਾਂ ਦੇ ਧਾਰਨੀ ਹਨ। ਅੰਮ੍ਰਿਤ ਵੇਲੇ ਸਣਕੇਸੀਂ ਇਸ਼ਨਾਨ ਕਰ, ਆਸਣ ਵਿਛਾ, ਮਾਲਾ ਫੜ ਨਾਮ ਸਿਮਰਨ ਕਰਨਾ, ਗੁਰਬਾਣੀ ਦਾ ਪਾਠ ਕਰਨਾ, ਵਿਹਾਰ ਸ਼ੁਧ ਰਖਣਾ, ਸਫੈਦ ਸਤਿਜੁਗੀ ਪਹਿਰਾਵਾ, ਸਤਿਗੁਰੂ ਜੀ ਅਤੇ ਸਿੱਖਾਂ, ਸਾਧਾਂ ਦੀ ਸੰਗਤ ਕਰਨੀ, ਨਾਮਧਾਰੀ ਜੀਵਨ ਜਾਚ ਦੇ ਨਿਯਮ ਹਨ। ਇਸੇ ਕਰਕੇ ਸਤਿਗੁਰੂ ਜੀ ਦਾ ਆਦੇਸ਼ ਹੈ ਕਿ ਨਾਮਧਾਰੀ ਲੜਕੀਆਂ ਦੇ ਰਿਸ਼ਤੇ ਗੈਰ ਨਾਮਧਾਰੀਆਂ ਵਲ ਨਾ ਕਰੋ, ਕਿਉਂਕਿ ਮਰਯਾਦਾ ਦਾ ਮੇਲ ਨ ਹੋਣ ਕਰਕੇ ਲੜਕੀਆਂ ਨੂੰ ਕਈ ਦੁੱਖ, ਤਕਲੀਫਾਂ ਸਹਿਣੀਆਂ ਪੈਂਦੀਆਂ ਹਨ। ਪਰ ਧੰਨ ਹਨ ਸਤਿਗੁਰੂ ਜਗਜੀਤ ਸਿੰਘ ਜੀ, ਸਤੋਗੁਣਾਂ ਵਾਲੀਆਂ ਲੜਕੀਆਂ ਦੀ ਅਰਦਾਸ ਸੁਣ, ਉਹਨਾਂ ਦੇ ਦੁੱਖ ਦੂਰ ਕਰਦੇ ਹਨ।

ਬੀਬੀ ਰਛਪਾਲ ਕੌਰ ਫਰੀਦਾਬਾਦ ਦੇ ਪਤੀ ਮੋਹਨ ਸਿੰਘ 'ਤੇ ਕੁਸੰਗ ਦਾ ਕਾਫੀ ਕੁਪ੍ਰਭਾਵ ਹੋ ਗਿਆ। ਉਸਦੇ ਪਾਸ ਸਿਵਾਏ ਸਤਿਗੁਰੂ ਜੀ ਦੇ ਚਰਨਾਂ 'ਚ ਅਰਦਾਸ ਕਰਨ ਤੋਂ ਹੋਰ ਕੋਈ ਚਾਰਾ ਨਹੀਂ ਸੀ। ਹਰ ਰੋਜ਼ ਅਰਦਾਸ ਕਰਿਆ ਕਰੇ, ਕ੍ਰਿਪਾ ਕਰੋ ਮੇਰੇ ਪਤੀ ਨੂੰ ਸੁਮੱਤ ਬਖਸ਼ੋ। ਅਰਦਾਸ ਪ੍ਰਵਾਨ ਹੋਈ। ਰਾਤ ਮੋਹਨ ਸਿੰਘ ਨੂੰ ਸੁਫ਼ਨੇ 'ਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਏ। ਸਤਿਗੁਰੂ ਜੀ ਉਸਨੂੰ ਬਾਹੋਂ ਫੜ ਇਕ ਖੂਹ ਪਾਸ ਲੈ ਗਏ। ਉਸਨੇ ਦੇਖਿਆ— ਖੂਹ ਅੰਦਰ ਜ਼ਹਿਰੀਲੇ ਜੀਵ-ਜੰਤੂ, ਕਿਰਲੀਆਂ, ਸੱਪ ਆਦਿ ਹਨ ਪਰ ਸਾਰੇ ਸਿਮਰਨ ਕਰ ਰਹੇ ਹਨ। ਸਤਿਗੁਰੂ ਜੀ ਬਚਨ ਕੀਤਾ-ਇਹ ਸਾਰੇ ਸਿਮਰਨ ਕਰਦੇ ਹਨ, ਤੂੰ ਬੰਦਾ ਹੋ ਕੇ ਭਜਨ ਨਹੀਂ ਕਰਦਾ। ਔਗੁਣ ਛੱਡਕੇ ਭਜਨ ਕਰਿਆ ਕਰ।

ਥੋੜ੍ਹੇ ਦਿਨਾਂ ਬਾਅਦ ਸਤਿਗੁਰੂ ਜੀ ਦਿੱਲੀ ਦਰਸ਼ਨ ਦਿੱਤੇ। ਰਮੇਸ਼ ਨਗਰ ਧਰਮਸ਼ਾਲਾ ਦੋਵੇਂ ਜੀਅ ਦਰਸ਼ਨਾਂ ਲਈ ਪੁੱਜੇ। ਜਦੋਂ ਮੋਹਨ ਸਿੰਘ ਨੇ ਮੱਥਾ ਟੇਕ ਸਿਰ ਉਤਾਂਹ ਕੀਤਾ ਤਾਂ ਜਾਣੀ ਜਾਣ ਸਤਿਗੁਰੂ ਜੀ ਉਸਦੇ ਕਮੀਜ਼ ਦੇ ਕਾਲਰ ਨੂੰ ਪਕੜ ਬਚਨ ਕੀਤਾ— ਔਗੁਣ ਛੱਡਕੇ ਭਜਨ ਕਰਿਆ ਕਰ। ਸੁਫ਼ਨੇ ਵਾਲੀ ਵਾਰਤਾ ਸੱਚ ਹੋ ਗਈ। ਮੋਹਨ ਸਿੰਘ ਦੀ ਬਿਰਤੀ 'ਚ ਸੱਚ-ਮੁੱਚ ਬਦਲਾਵ ਆ ਗਿਆ। ਧੰਨ ਸਤਿਗੁਰੂ ਜਗਜੀਤ ਸਿੰਘ ਜੀ।

ਅਸਟਪਦੀ

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰਬਚਨੀ ਹਰਿਨਾਮੁ ਉਚਰੈ॥
ਸਤਿਗੁਰ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖ ਬਿਕਾਰ ਤੇ ਹਾਟੈ॥
ਸਤਿਗੁਰ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖ ਵਡਭਾਗੀ ਹੇ॥
ਸਤਿਗੁਰ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੨੮੬

ਸਭ ਬਿਧਿ ਜਾਕੈ ਹਾਥਿ

ਸਤਿਗੁਰੂ ਜੀ ਸਭ ਬਿਧਾਂ ਦੇ ਮਾਲਕ ਨੇ। ਕਦੇ ਅਰਜ਼ ਕੀਤਿਆ, ਕਦੇ ਬਿਨਾਂ ਅਰਜ਼ ਕੀਤਿਆ ਸਿੱਖ ਦੇ ਕਾਰਜ ਰਾਸ ਕਰ ਦੇਂਦੇ ਨੇ। ਬੱਸ, ਲੋੜ ਹੈ ਤਾਂ ਇਸ ਗੱਲ ਦੀ ਕਿ ਸਿੱਖ ਕਾਮਨਾ ਰਹਿਤ ਹੋ, ਸਤਿਗੁਰੂ 'ਤੇ ਪੂਰਨ ਭਰੋਸਾ ਰੱਖ, ਆਪਣਾ ਕਰਮ ਕਰੀ ਜਾਵੇ।

ਸੰਨ 1989, ਬਸੰਤ ਦਾ ਮੇਲਾ, ਸਾਹਿਬਪੁਰਾ, ਦਿੱਲੀ। ਦੁਪਹਿਰ ਦੇ ਦਿਵਾਨ ਸਮੇਂ ਸਤਿਗੁਰੂ ਜੀ ਨੂੰ ਜਥੇਦਾਰ ਜੋਗਾ ਸਿੰਘ ਨੇ ਅਰਜ਼ ਕੀਤੀ-ਇਕ ਸ਼ਬਦ ਪੜ੍ਹਨ ਨੂੰ ਜੀਅ ਕਰਦਾ ਹੈ। ਹੁਕਮ ਹੋਇਆ-ਪੜ੍ਹ। ਜਥੇਦਾਰ ਜੀ ਧਾਰਨਾ ਪੜ੍ਹੀ-"ਕਦੋਂ ਹੋਣਗੇ ਦਿਦਾਰੇ ਤੇਰੇ ਸਤਿਗੁਰੂ ਰਾਮ ਸਿੰਘ ਜੀ।" ਸਤਿਗੁਰੂ ਜੀ ਖੁਸ਼ ਹੋ - ਜਥੇਦਾਰ ਥਾਪ ਦਿੱਤਾ।

ਦਸੰਬਰ 2003 'ਚ ਸਤਿਗੁਰੂ ਜੀ ਥਾਈਲੈਂਡ ਦੌਰੇ ਤੇ ਗਏ। ਜਥੇਦਾਰ ਜੀ ਨੂੰ ਵੀ ਨਾਲ ਜਾਣ ਦੀ ਪ੍ਰਵਾਨਗੀ ਮਿਲ ਗਈ। ਉੱਥੇ ਦੁਪਹਿਰ ਦੇ ਨਿਤਨੇਮ ਉਪਰੰਤ, ਹਜ਼ੂਰੀ 'ਚ ਅੱਧਾ ਘੰਟਾ ਦਿਵਾਨ ਲਗਾਉਣ ਦੀ ਆਗਿਆ ਹੋਈ। ਜਥੇਦਾਰ ਜੀ ਸ਼ਬਦ ਪੜ੍ਹਿਆ "ਗੁਰ ਜੀ ਕੇ ਦਰਸਨ ਕਉ ਬਲਿ ਜਾਉ॥" ਤਾਊਸ਼ 'ਤੇ ਸੰਤ ਬਲਵੰਤ ਸਿੰਘ ਰਾਗੀ, ਢੋਲਕ 'ਤੇ ਸੰਤ ਨਾਨਕ ਸਿੰਘ ਜੀ। ਸੰਤ ਬਲਵੰਤ ਸਿੰਘ ਰਾਗੀ ਜੈਸੇ ਸੰਗੀਤ ਵਿਦਵਾਨ ਨਾਲ ਸੁਰ 'ਚ ਗਾਇਨ ਕਰਨਾ ਜਥੇਦਾਰ ਜੀ ਵਾਸਤੇ ਅਸੰਭਵ ਸੀ। ਪਰ ਧੰਨ ਹਨ ਸਤਿਗੁਰੂ ਜਗਜੀਤ ਸਿੰਘ ਜੀ- ਜਿਹਨਾਂ ਅੱਧਾ ਘੰਟਾ ਗਹੁ ਨਾਲ ਸੁਣਿਆ। ਫਿਰ ਆਗਿਆ ਕੀਤੀ-ਜਿੰਨੀ ਮਾਇਆ ਮੱਥਾ ਟਿਕੀ ਹੈ, ਇਸਨੂੰ ਦੇ ਦਿਓ। ਡੇਰੇ ਜਾ ਕੇ ਗਿਣੀ ਸਾਢੇ ਬਾਰਾਂ ਹਜ਼ਾਰ।

ਦਿਲੀਓਂ ਵਾਯਾ ਕਲਕੱਤਾ-ਬੈਂਕਾਕ, ਇਸੇ ਤਰ੍ਹਾਂ ਵਾਪਿਸੀ। ਜਥੇਦਾਰ ਜੀ ਦਾ ਸਾਢੇ ਬਾਰਾਂ ਹਜ਼ਾਰ ਕਿਰਾਇਆ ਲੱਗਾ ਸੀ ਸੋ ਬਿਧਾ ਦੇ ਮਾਲਕ ਨੇ ਬਿਨਾ ਅਰਜ਼ ਕੀਤਿਆ ਪੂਰਾ ਕਰ ਦਿੱਤਾ।

ਸਲੋਕ

ਰੇ ਮਨ ਤਾਕਉ ਧਿਆਈਐ ਸਭ ਬਿਧਿ ਜਾਕੈ ਹਾਥਿ॥
ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੭੦੪

ਦੁਇ ਕਰ ਜੋੜਿ ਕਰੀ ਬੇਨੰਤੀ

ਸਤਿਗੁਰੂ ਜੀ ਦੁੱਖੀਆਂ ਦੇ ਦੁੱਖ ਤਾਂ ਅੰਮ੍ਰਿਤਮਈ ਦ੍ਰਿਸ਼ਟੀ ਨਾਲ ਹੀ ਦੂਰ ਦੇਂਦੇ ਨੇ, ਪਰ ਐਸੇ ਸਮੇਂ ਜੀਵ ਪਾਸੋਂ ਭਜਨ-ਬੰਦਗੀ ਵੀ ਕਰਵਾ ਲੈਂਦੇ ਹਨ। ਸੁੱਖ-ਦੁੱਖ ਵੇਲੇ ਭਜਨ ਬੰਦਗੀ 'ਚ ਮਨੁੱਖ ਦੀ ਆਸਥਾ ਨੂੰ ਦ੍ਰਿੜ ਕਰਨਾ ਸਤਿਗੁਰੂ ਜੀ ਦਾ ਕੁਦਰਤੀ ਸੁਭਾਅ ਹੈ।

ਮਾਤਾ ਧੰਨ ਕੌਰ ਦੀ ਨਿਗ੍ਹਾ ਬਹੁਤ ਕਮਜ਼ੋਰ ਹੋ ਗਈ। ਸਤਿਗੁਰੂ ਜੀ ਪਿੰਡ ਗੜ੍ਹਪਧਾਣੇ ਚਰਨ ਪਾਏ। ਜਥੇਦਾਰ ਪ੍ਰੀਤਮ ਸਿੰਘ ਨੇ ਮਾਤਾ ਜੀ ਦੀ ਕਮਜ਼ੋਰ ਨਿਗ੍ਹਾ ਬਾਰੇ ਅਰਜ਼ ਕੀਤੀ। ਹੁਕਮ ਹੋਇਆ - ਮਾਈ ਇਕ ਮਾਲਾ ਭਜਨ ਦੀ, ਇਕ ਭਗਉਤੀ ਦੀ ਫੇਰ ਕੇ ਅਰਦਾਸ ਕਰੇ। ਮਾਤਾ ਜੀ ਝੱਬਦੇ ਨਾਲ ਬੋਲੇ - ਜੀ, ਮੈਥੋਂ ਮਾਲਾ ਨਹੀਂ ਫੇਰ ਹੋਣੀਆ, ਬੱਸ ਨਿਗ੍ਹਾ ਠੀਕ ਕਰੋ। ਪਾਸੋਂ ਜਥੇਦਾਰ ਜੀ ਨੇ ਅਰਜ਼ ਕੀਤੀ-ਗਰੀਬ ਨਿਵਾਜ਼, ਮਾਤਾ ਤੇ ਕਿਰਪਾ ਕਰੋ, ਮਾਲਾ ਮੈਂ ਫੇਰ ਦਿਆਂਗਾ। ਅਰਜ਼ ਮਨਜ਼ੂਰ ਹੋ ਗਈ। ਮਾਤਾ ਜੀ ਦੀ ਨਿਗ੍ਹਾ ਬਿਲਕੁਲ ਠੀਕ ਹੋ

ਦੇਵਗੰਧਾਰੀ ਮਹਲਾ ੫

ਠਾਕੁਰ ਹੋਇ ਆਪਿ ਦਇਆਲ॥
ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ॥ ਰਹਾਉ॥
ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮ ਮਨਿ ਧਿਆਇਆ॥
ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ॥
ਵਰ ਨਾਰੀ ਮਿਲਿ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ॥
ਕਹੁ ਨਾਨਕ ਜਨ ਕਉ ਬਲਿ ਜਾਈਐ ਜੋ ਸਭਨਾ ਕਰੇ ਉਧਾਰੁ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ੫੩੨

ਹਰਿ ਕੀਆ ਕਥਾ ਕਹਾਣੀਆ

ਸਤਿਗੁਰੂ ਜੀ ਅਨੇਕ ਲੀਲ੍ਹਾ ਰਚਣਹਾਰ ਨੇ। ਉਹਨਾਂ ਨੂੰ ਸਭ ਪਤਾ ਹੁੰਦੈ, ਕਿਹੜਾ ਕੌਤਕ ਕਦੋਂ ਰਚਾਇਆ ਸੀ। ਸ੍ਰੀ ਆਦਿ ਗ੍ਰੰਥ ਸਾਹਿਬ 'ਚ ਦਰਜ "ਸਵਈਏ ਮਹਲੇ ਪੰਜਵੇ ਦੇ" ਸਤਿਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ "ਮਥੁਰਾ" ਭੱਟ ਨੇ ਉਹਨਾਂ ਦੀ ਸਿਫ਼ਤ 'ਚ ਉਹਨਾਂ ਦੇ ਹੀ ਸਮੇਂ 'ਚ ਲਿਖੇ। ਸਤਿਗੁਰੂ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਦੀ ਜਿਲਦ ਤਿਆਰ ਕਰਨ ਵੇਲੇ ਇਹ ਸਵਈਏ ਬੀੜ ਵਿਚ ਸ਼ਾਮਲ ਕਰ ਦਿੱਤੇ। ਐਸਾ ਆਮ ਕਰਕੇ ਹੁੰਦਾ ਨਹੀਂ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਆਮ ਕਰਕੇ ਆਪਣੀ ਸਿਫ਼ਤ ਆਪ ਬੈਠਕੇ ਨਹੀਂ ਸੁਣਦੇ ਸਨ, ਪਰ ਰਜ਼ਾ ਦੇ ਮਾਲਕ ਨੇ ਐਸਾ ਸਮਾਂ ਵੀ ਰਚ ਦਿੱਤਾ।

ਦਸੰਬਰ 2003 ਦੇ ਬੈਂਕਾਕ ਦੌਰੇ ਸਮੇਂ ਸੂਬਾ ਗਿਆਨਣ ਜੀ ਦੇ ਬੰਗਲੇ, ਸ਼ਾਮ ਸੱਤ ਕੁ ਵਜੇ, ਰੋਜ਼ ਇਕ ਸਭਾ ਹੁੰਦੀ ਸੀ, ਜਿਸ ਵਿਚ ਸਤਿਗੁਰੂ ਜੀ ਦਰਸ਼ਨ ਦੇਂਦੇ ਸਨ। ਇਸ ਸਭਾ ਦੌਰਾਨ ਸਤਿਗੁਰੂ ਜਗਜੀਤ ਸਿੰਘ ਨਾਲ ਸਬੰਧਤ ਸਾਖੀਆਂ, ਕੌਤਕ, ਹੱਡ-ਬੀਤੀਆਂ, ਸਤਿਗੁਰੂ ਜੀ ਦੇ ਸਨਮੁਖ ਹੀ ਸੁਨਾਣੀਆਂ ਹੁੰਦੀਆਂ ਸਨ। ਇਕ ਅਨੋਖੀ ਗੱਲ ਸੀ, ਸਤਿਗੁਰੂ ਜੀ ਆਪਣੇ ਕੌਤਕ, ਸਿੱਖਾਂ ਪਾਸੋਂ, ਆਪ ਹੀ ਸੁਣਦੇ ਸਨ। ਜਿੰਨੀਆਂ ਕੁ ਸਾਖੀਆਂ ਹੱਥਲੀ ਪੁਸਤਕ 'ਚ ਲਿਖੀਆਂ ਹਨ, ਇਹਨਾਂ 'ਚੋ ਕੁੱਝ ਕੁ ਜਥੇਦਾਰ ਜੋਗਾ ਸਿੰਘ ਨੇ ਸਤਿਗੁਰੂ ਜੀ ਦੇ ਸਨਮੁਖ ਹੋ ਸਾਧ ਸੰਗਤ 'ਚ ਸੁਣਾਈਆਂ। ਇਕ ਸਾਖੀ ਸੁਣਾਂਦੇ-ਸੁਣਾਂਦੇ ਉਹ ਜ਼ਰਾ ਕੁ ਰੁੱਕ ਗਏ। ਸੰਗਤ ਨੂੰ ਇੰਜ ਲੱਗਾ ਸਾਖੀ ਪੂਰੀ ਹੋ ਗਈ। ਝੱਬਦੇ ਨਾਲ ਇਕ ਸਿੱਖ ਅਰਜ਼ ਕੀਤੀ-ਜੀ, ਹੁਣ ਮੈਂ ਸੁਣਾਵਾਂ। ਸਤਿਗੁਰੂ ਜੀ ਬਚਨ ਕੀਤਾ-ਰੁੱਕ ਜਾਹ। ਅਜੇ ਜੋਗਾ ਸਿੰਘ ਦੀ ਸਾਖੀ ਬਾਕੀ ਹੈ। ਭਾਵ ਗਰੀਬ ਨਿਵਾਜ ਜੀ ਨੂੰ ਪਤਾ ਸੀ ਇਹ ਕੌਤਕ ਕਿਵੇਂ ਵਰਤਾਇਆ ਸੀ, ਬਾਕੀ ਹਿੱਸਾ ਵੀ ਸੰਗਤ ਨੂੰ ਸੁਣਾਇਆ ਜਾਵੇ। ਇੰਜ ਸਤਿਗੁਰੂ ਜੀ ਨੇ ਆਪਣੇ ਕੌਤਕ, ਸਿੱਖਾਂ ਦੀ ਜ਼ੁਬਾਨੀ, ਸਾਧ ਸੰਗਤ 'ਚ ਸੁਣਵਾ, ਉਹਨਾਂ ਤੇ ਆਪਣੀ ਮੋਹਰ ਲਗਾਈ।

ਤਿਲੰਗ ਮਹਲਾ ੪

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥
ਬਲਿਹਾਰੀ ਗੁਰ ਆਪਣੇ ਗੁਰੂ ਕਉ ਬਲਿ ਜਾਈਆ॥ ੧॥
ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ ਰਹਾਉ॥
ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥
ਜਿਨ ਗੁਰ ਦਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥ ੨॥
ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥
ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥੩॥
ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣ ਹਾਰਾ॥
ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥ ੪॥
ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥
ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੭੨੫

ਮੈ ਬਉਰੀ ਮੇਰਾ ਰਾਮੁ ਭਤਾਰੁ

ਮਾਤਾ ਸਵਰਨ ਕੌਰ, 'ਮਸਤਾਨੀ' ਦੇ ਨਾਮ ਨਾਲ ਸਾਧ ਸੰਗਤ ਵਿਚ ਜਾਣੀ ਜਾਂਦੀ ਸੀ। ਸੋਧ ਰੱਖਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਸੋਧੀਆਂ ਤੇ ਬਹੁਤ ਖੁਸ਼ ਰਹਿੰਦੇ ਨੇ। ਮਾਤਾ ਮਸਤਾਨੀ ਜੀ ਪਹਿਲਾ ਦੇਹਰਾਦੂਨ ਰਹਿੰਦੇ ਸਨ ਅਤੇ ਸਤਿਗੁਰੂ ਜੀ ਨੇ ਇਹ ਮਾਣ ਬਖਸ਼ਿਆ ਹੋਇਆ ਸੀ ਕਿ ਜਦੋਂ ਵੀ ਦੇਹਰਾਦੂਨ ਦਰਸ਼ਨ ਦੇਣੇ, ਪ੍ਰਸ਼ਾਦਾ ਮਾਈ ਦੇ ਹੱਥੋਂ ਬਣਿਆ ਛਕਦੇ ਸਨ।

ਇਕ ਵਾਰ ਸਤਿਗੁਰੂ ਜੀ ਦੇਹਰਾਦੂਨ ਦਰਸ਼ਨ ਦਿੱਤੇ ਤਾਂ ਮਾਈ ਦੇ ਘਰ ਅੱਗੇ ਕਾਰ ਰੁਕਵਾ ਕੇ ਸਿੱਖ ਨੂੰ ਭੇਜਿਆ ਕਿ ਆਖ ਆ, ਪ੍ਰਸ਼ਾਦਾ ਤਿਆਰ ਕਰੇ ਮੈਂ ਥੋੜ੍ਹੀ ਦੇਰ ਤਕ ਵਾਪਸ ਆਉਂਦਾ ਹਾਂ। ਮਾਈ ਇਸ਼ਨਾਨ ਕਰ ਰਹੀ ਸੀ। ਸਿੱਖ ਦੀ ਅਵਾਜ਼ ਅਤੇ ਸਤਿਗੁਰੂ ਜੀ ਦੀ ਆਮਦ ਸੁਣ, ਮਾਈ ਦੀ ਬਿਰਤੀ ਮਸਤਾਨੀ ਹੋ ਗਈ। ਬਿਨਾਂ ਸਿਰ ਤੇ ਕਪੜਾ ਲਏ, ਬਿਨਾ ਸੁੱਥਣ ਪਹਿਨੇ, ਇਕੱਲੇ ਕੁੜਤੇ, ਕਛਿਹਰੇ ਵਿਚ, ਵਾਲ ਖਿਲਾਰੀ ਸਤਿਗੁਰੂ ਜੀ ਨੂੰ ਆਣ ਮੱਥਾ ਟੇਕਿਆ। ਸਤਿਗੁਰੂ ਜੀ ਦਰਸ਼ਨ ਦੇ ਕੇ ਕਾਰ ਦੀ ਖਿੜਕੀ ਬੰਦ ਕਰ ਲਈ। ਕਾਰ ਤੁਰ ਪਈ।

ਮਾਈ ਦਾ ਕੜਾ ਕਾਰ ਦੇ ਦਰਵਾਜੇ ਦੇ ਹੈਂਡਲ 'ਚ ਫਸ ਗਿਆ ਅਤੇ ਮਸਤਾਨੀ ਬਿਰਤੀ ਵਿਚ ਕਾਰ ਦੇ ਨਾਲ ਹੀ ਭੱਜੀ ਗਈ। ਥੋੜ੍ਹੀ ਦੂਰ ਜਾ ਕੇ ਇਸ ਗੱਲ ਦਾ ਪਤਾ ਲੱਗ ਸਕਿਆ। ਸਤਿਗੁਰੂ ਜੀ ਕਾਰ ਰੁਕਵਾ, ਮਾਈ ਦਾ ਕੜਾ ਹੈਂਡਲ 'ਚੋਂ ਕਢਵਾਇਆ। ਮਾਈ-ਪ੍ਰੀਤਮਾ, ਵੇ ਪ੍ਰੀਤਮਾ ਦਾ ਅਲਾਪ ਕਰਦੀ ਹੋਈ ਉਸੇ ਦਸ਼ਾ 'ਚ ਘਰ ਪਰਤੀ।

ਰਾਮ ਰੂਪੀ ਭਤਾਰੁ, ਵਾਪਸ ਆ ਪ੍ਰਸ਼ਾਦਾ ਛਕ, ਬਉਰੀ ਮਸਤਾਨੀ ਮਾਤਾ ਦੇ ਹਿਰਦੇ ਨੂੰ ਸੀਤਲ ਕੀਤਾ।

ਮੈ ਬਉਰੀ ਮੇਰਾ ਰਾਮੁ ਭਤਾਰੁ॥
ਰਚਿ ਰਚਿ ਤਾਕਉ ਕਰਉ ਸਿੰਗਾਰ॥ ੧॥
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ॥
ਤਨੁ ਮਨੁ ਰਾਮ ਪਿਆਰੇ ਜੋਗੁ॥ ਰਹਾਉ॥
ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥
ਰਸਨਾ ਰਾਮ ਰਸਾਇਨ ਪੀਜੈ॥ ੨॥
ਅਬ ਜੀਅ ਜਾਨਿ ਐਸੀ ਬਨਿ ਆਈ॥
ਮਿਲਉ ਗੁਪਾਲ ਨੀਸਾਨੁ ਬਜਾਈ॥ ੩॥
ਉਸਤਤਿ ਨਿੰਦਾ ਕਰੈ ਨਰੁ ਕੋਈ॥
ਨਾਮੇ ਸ੍ਰੀ ਰੰਗ ਭੇਟਲ ਸੋਈ॥ ੪॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੧੨੬੪

ਇਕਨਾ ਵਡੀ ਅਰਜਾ

ਜੰਮਣਾ, ਮਰਣਾ, ਅਕਾਲ ਪੁਰਖ ਸਤਿਗੁਰੂ ਦੇ ਹੁਕਮ 'ਚ ਹੈ। ਉਹ ਚਾਹੇ, ਬਿਨਾ ਸਵਾਸਾਂ ਭੀ ਰੱਖ ਸਕਦੇ, ਆਯੂ 'ਚ ਵਾਧਾ ਕਰ ਸਕਦੇ, ਮ੍ਰਿਤਕ ਨੂੰ ਜੀਵਨ ਦੇ ਸਕਦੇ, ਪਰ ਆਪਣੀ ਰਜ਼ਾ ਅਨੁਸਾਰ।

ਸਾਹਿਬ ਪੁਰਾ, ਦਿੱਲੀ। ਸੰਤ ਵੱਸਨ ਸਿੰਘ ਦੇ ਪਿਤਾ ਸੰਤ ਬਚਨ ਸਿੰਘ ਜੀ ਦੱਸਿਆ ਕਿ ਮੇਰਾ ਪੁੱਤਰ ਰਤਨ ਸਿੰਘ ਛੋਟੀ ਉਮਰ 'ਚ ਬਹੁਤ ਬਿਮਾਰ ਹੋ ਗਿਆ। ਸਤਿਗੁਰੂ ਜੀ ਦਿੱਲੀ ਦਰਸ਼ਨ ਦਿੱਤੇ। ਜਥੇਦਾਰ ਚਰਨ ਸਿੰਘ ਹੁਰਾਂ ਨਾਲ ਜਾ ਕੇ ਅਰਜ਼ ਕੀਤੀ। ਸਤਿਗੁਰੂ ਜੀ ਹੁਕਮ ਕੀਤਾ – ਹਸਪਤਾਲ ਚਲਦੇ ਹਾਂ। ਚਲਣ ਲੱਗੇ ਤਾਂ ਜਥੇਦਾਰ ਚਰਨ ਸਿੰਘ ਆਖਿਆ – ਇਕ ਹੋਰ ਅਰਜ਼ ਹੈ – ਛੋਟੇ ਭਰਾ ਘਰ ਪੁੱਤਰ ਦੀ ਦਾਤ ਬਖਸ਼ੋ। ਸਤਿਗੁਰੂ ਜੀ ਤੇਜ਼ੀ ਨਾਲ ਬਚਨ ਕੀਤਾ – ਐਸ ਵੇਲੇ ਇਕ ਪੁੱਤਰ ਮਿਲਣਾ ਹੈ। ਚਾਹੇ ਹਸਪਤਾਲ ਵਾਲੇ ਨੂੰ ਬਚਾਅ ਲਉ, ਚਾਹੇ ਛੋਟੇ ਭਰਾ ਦੇ ਲੈ ਲਉ। ਜਥੇਦਾਰ ਜੀ ਹੁਕਮ ਸੁਣ, ਹੱਥ ਜੋੜ ਅਰਜ਼ ਕੀਤੀ–ਜੀ, ਹਸਪਤਾਲ ਵਾਲੇ 'ਤੇ ਕਿਰਪਾ ਕਰੋ, ਬਚ ਜਾਵੇ।

ਸਤਿਗੁਰੂ ਜੀ ਹਸਪਤਾਲ ਦਰਸ਼ਨ ਦਿੱਤੇ। ਹੁਕਮ ਕੀਤਾ– ਸਵੇਰੇ ਵਰਨੀ ਕਰਵਾ ਦਿਉ। ਅਮਲ ਕੀਤਾ ਗਿਆ। ਰਤਨ ਸਿੰਘ ਬਿਲਕੁਲ ਤੰਦਰੁਸਤ ਹੋ ਗਿਆ।

ਸਲੋਕ ਮਹਲਾ ੧

ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ॥
ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ॥
ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ॥
ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ॥
ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥
ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ॥
ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ॥
ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ॥
ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ॥
ਅਕਥ ਕੀ ਕਥਾ ਸੁਣੇਇ॥
ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੧੨੮੯

ਲੋੜਵੰਦ ਆਪਣੀ ਮੱਤ ਅਨੁਸਾਰ ਸਤਿਗੁਰੂ ਜੀ ਪਾਸ ਜਾਕੇ ਅਰਜ਼ ਕਰਦਾ ਹੈ। ਅਗੋਂ ਸਤਿਗੁਰੂ ਜੀ ਦੀ ਕੀ ਰਜ਼ਾ ਹੋਵੇਗੀ, ਲੋੜਵੰਦ ਨੂੰ ਪਤਾ ਨਹੀਂ ਹੁੰਦਾ। ਸਤਿਗੁਰੂ, ਗਰੀਬ ਨਿਵਾਜ਼ ਹੈ। ਉਹ ਅਵਤਾਰ ਹੀ ਨਿਆਸਰਿਆਂ ਵਾਸਤੇ ਧਾਰਦੇ ਨੇ। ਉਹ ਦਰਦਵੰਦਾ ਦੀਆਂ ਲੋੜਾਂ ਪੂਰੀਆਂ ਕਰ, ਉਹਨਾਂ ਦੀ ਪ੍ਰਤਿਪਾਲਨਾ ਕਰਦੇ ਨੇ।

ਸੰਤ ਰਵੇਲ ਸਿੰਘ ਕਵੀਸ਼ਰ ਦੱਸਿਆ-ਇਕ ਬੀਬੀ, ਛੋਟਾ ਬਾਲ ਗੋਦੀ ਲਈ, ਸਤਿਗੁਰੂ ਜੀ ਨੂੰ ਅਰਜ਼ ਕੀਤੀ-ਇਕ ਗਊ ਦਿਉ, ਬੱਚਿਆਂ ਲਈ ਦੁੱਧ ਦੀ ਘਾਟ ਹੈ। ਗਰੀਬ ਨਿਵਾਜ਼ ਅਰਜ਼ ਸੁਣ, ਬੀਬੀ ਵੱਲ ਵੇਖ ਅੰਦਾਜ਼ਾ ਲਗਾਇਆ-ਗਊ ਮੰਗਦੀ ਹੈ ਪਰ ਛੋਟੇ ਬੱਚਿਆਂ ਕਰਕੇ, ਗਊ ਦੀ ਸੇਵਾ ਸੰਭਾਲ ਕਿੰਜ ਕਰੇਗੀ? ਸੇਵਕ ਨੂੰ ਹੁਕਮ ਕੀਤਾ-ਬੀਬੀ ਨੂੰ ਪੁੱਛੋ-ਰੋਜ਼ ਕਿਤਨਾ ਦੁੱਧ ਚਾਹੀਦੈ? ਮਹੀਨੇ ਦਾ ਹਿਸਾਬ ਲਗਾ ਕੇ, ਰਕਮ ਦੇ ਦਿਉ। ਹਰ ਮਹੀਨੇ ਲੋੜ ਅਨੁਸਾਰ ਬਾਹਰੋਂ ਦੁੱਧ ਲਈ ਜਾਵੇ, ਮਾਇਆ ਮੈਥੋਂ ਲਈ ਜਾਵੇ।

ਬੀਬੀ ਮੱਥਾ ਟੇਕ ਧੰਨਵਾਦ ਕੀਤਾ। ਵਾਹ! ਮੇਰੇ ਸਤਿਗੁਰੂ, ਮੇਰੀ ਲੋੜ ਨੂੰ ਕਿੰਨੇ ਸਰਲ ਤਰੀਕੇ ਨਾਲ ਪੂਰਾ ਕਰ ਦਿੱਤਾ।

ਰਾਮਕਲੀ ਮਹਲਾ ੫

ਜੀਅ ਜੰਤ ਸਭਿ ਪੇਖੀਅਹਿ ਪ੍ਰਭ ਸਗਲ ਤੁਮਾਰੀ ਧਾਰਨਾ॥ ੧॥
ਇਹੁ ਮਨੁ ਹਰਿ ਕੈ ਨਾਮਿ ਉਧਾਰਨਾ॥ ੧॥ ਰਹਾਉ।
ਖਿਨ ਮਹਿ ਥਾਪਿ ਉਥਾਪੇ ਕੁਦਰਤਿ ਸਭਿ ਕਰਤੇ ਕੇ ਕਾਰਨਾ॥ ੨॥
ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਦਾਰਨਾ॥ ੩॥
ਨਾਮੁ ਜਪਤ ਮਨੁ ਨਿਰਮਲ ਹੋਵੈ ਸੂਖੇ ਸੂਖਿ ਗੁਦਾਰਨਾ॥ ੪॥
ਭਗਤ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਨਾ॥ ੫॥
ਸੂਖ ਦੂਖ ਇਸੁ ਮਨ ਦੀ ਬਿਰਥਾ ਤੁਮ ਹੀ ਆਗੈ ਸਾਰਨਾ॥ ੬॥
ਤੂ ਦਾਤਾ ਸਭਨਾ ਜੀਆ ਕਾ ਆਪਨ ਕੀਆ ਪਾਲਨਾ॥ ੭ ॥
ਅਨਿਕ ਬਾਰ ਕੋਟਿ ਜਨ ਊਪਰਿ ਨਾਨਕ ਵੰਞੈ ਵਾਰਨਾ॥ ੮॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੯੭੫

ਭਾਵਨੀ ਭਗਤਿ ਭਾਇ

ਸਤਿਗੁਰੂ ਅਤੇ ਸਿੱਖ ਦਾ ਭਾਵਨਾ ਦਾ ਰਿਸ਼ਤਾ ਹੈ। ਸਤਿਗੁਰੂ ਦਯਾ ਦੇ ਸਾਗਰ ਨੇ। ਸ਼ਰਧਾਲੂ ਜੈਸੀ ਭਾਵਨਾ ਹਿਰਦੇ 'ਚ ਰੱਖ, ਸਤਿਗੁਰੂ ਦੀ ਸਰਨ ਆਉਂਦਾ ਹੈ, ਵੈਸਾ ਹੀ ਫਲ ਮਿਲਦਾ ਹੈ। ਸਤਿਗੁਰੂ ਦੀ ਰਜ਼ਾ ਹੋਵੇ ਉਹ ਸੋਚ ਤੋਂ ਵੱਧ ਵੀ ਝੋਲੀਆਂ ਭਰ ਦੇਂਦਾ ਹੈ। ਉਹ ਸਤਿਗੁਰੂ, ਜਿਸਦੀ ਮਹਿਮਾ ਪਰੇ ਤੋਂ ਪਰੇ ਹੈ, ਨੂੰ ਨਮਸਕਾਰ ਕਰਨੀ ਹੀ ਯੋਗ ਹੈ।

ਸੂਬਾ ਸੁਖਦੇਵ ਸਿੰਘ, ਦਿੱਲੀ, ਇਹ ਸਾਖੀ ਸੁਣਾਉਂਦੇ ਭਾਵਕ ਹੋ ਗਏ ਕਿ ਇਕ ਗੈਰ-ਨਾਮਧਾਰੀ ਬੀਬੀ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ। ਵਾਪਸੀ ਵੇਲੇ ਉਸ ਪਾਸ ਇਕ ਰੁਪਈਆ ਬਾਕੀ ਸੀ। ਬੱਸ ਦਾ ਸਫਰ ਵੀ ਕਰਨਾ ਸੀ। ਮੱਥਾ ਟੇਕਣ ਵੇਲੇ ਸ਼ਰਧਾ ਐਸੀ ਬਣੀ ਕਿ ਜੋ ਪਾਸ ਹੈ ਮੱਥਾ ਟੇਕ ਦਿਉ। ਘਰ ਪੈਦਲ ਹੀ ਚਲੇ ਜਾਵਾਂਗੇ। ਰੁਪਈਆ ਮੱਥਾ ਟੇਕ ਉਹ ਬੀਬੀ ਥੋੜ੍ਹੀ ਦੂਰ ਹੀ ਗਈ ਸੀ ਤਾਂ ਸਤਿਗੁਰੂ ਜੀ ਸੇਵਕ ਪੂਰਬਾ ਜੀ ਨੂੰ ਆਗਿਆ ਕਰ ਬੀਬੀ ਨੂੰ ਬੁਲਾਇਆ ਤੇ ਇਕ ਸੌ ਰੁਪਈਆ ਦੇਣ ਲਈ ਹੁਕਮ ਕੀਤਾ। ਤਤਕਾਲ ਹੁਕਮ ਦੀ ਪਾਲਨਾ ਕੀਤੀ ਗਈ। ਬੀਬੀ, ਸਤਿਗੁਰੂ ਜੀ ਦੀ ਦਇਆਲਤਾ ਤੋਂ ਖ਼ੁਸ਼ ਹੋ, ਮੱਥਾ ਟੇਕ, ਧੰਨ ਪਾਤਸ਼ਾਹ, ਧੰਨ ਪਾਤਸ਼ਾਹ, ਕਹਿੰਦੀ ਹੋਈ ਘਰ ਪਰਤੀ।

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ
ਸਿਮਰਨ ਤਾਹਿ ਗੁਰ ਬਾਰੰਬਾਰ ਹੇਤ ਹੈ।
ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰ ਦਯਾ ਨਿਧਿ ਮਹਿਮਾ ਅਗਾਧ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ।

ਕਬਿੱਤ ਭਾਈ ਗੁਰਦਾਸ ਜੀ

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ

ਸਤਿਗੁਰੂ ਤੇ ਸਿੱਖ ਦੀ ਮੂਲ ਸਾਂਝ ਸਿੱਖੀ ਕਰਕੇ ਹੈ। ਸਿੱਖੀ ਪੱਖ ਦੇ ਨਾਲ-ਨਾਲ ਹੋਰ ਵੀ ਕਈ ਸਾਂਝਾਂ ਜੁੜ ਜਾਂਦੀਆਂ ਨੇ ਜਿਸ ਕਰਕੇ ਸਿੱਖ, ਸਤਿਗੁਰੂ ਦੀ ਨੇੜਤਾ ਪ੍ਰਾਪਤ ਕਰ ਲੈਂਦਾ ਹੈ। ਇਸ ਅਵਸਥਾ ਨੂੰ ਪ੍ਰਾਪਤ ਹੋ, ਫਿਰ ਉਹ ਆਪਣਾ ਕੁੱਝ ਵੀ ਨਹੀਂ ਸਮਝਦਾ। ਤਨ, ਮਨ, ਧਨ ਸਭ ਆਪਣੇ ਸਤਿਗੁਰੂ ਨੂੰ ਸਮਰਪਤ ਕਰ, ਉਸਦਾ ਹੁਕਮ ਮੰਨ, ਖੁਸ਼ੀਆਂ ਪ੍ਰਾਪਤ ਕਰ, ਆਪਣਾ ਜੀਵਨ ਸਫਲ ਕਰ ਲੈਂਦਾ ਹੈ।

ਸੂਬਾ ਮਹਿੰਦਰ ਸਿੰਘ, ਪਿੰਡ ਮੋਰੋਂ, ਡੁਬਈ ਕਾਰੋਬਾਰ ਕਰਦੇ ਸਨ। ਹਵਾਈ ਅੱਡੇ ਤੋਂ ਸਵੇਰੇ ਜਥੇਦਾਰ ਪ੍ਰੀਤਮ ਸਿੰਘ ਦੇ ਘਰ ਦਿੱਲੀ ਆਏ। ਉਹਨਾਂ ਦੱਸਿਆ-ਐਸ ਵੇਲੇ ਸਤਿਗੁਰੂ ਜੀ ਸੇਠ ਤਰਲੋਕ ਸਿੰਘ ਦੀ ਕੋਠੀ ਹਨ। ਸਵੇਰੇ ਆਸਾ ਦੀ ਵਾਰ ਲੱਗੀ ਸੀ। ਸੂਬਾ ਮਹਿੰਦਰ ਸਿੰਘ ਜੀ ਝੱਬਦੇ ਨਾਲ ਤਿਆਰ ਹੋ, ਕੋਠੀ ਪਹੁੰਚ ਮੱਥਾ ਟੇਕਿਆ। ਸਤਿਗੁਰੂ ਜੀ ਇਕ ਉਂਗਲ ਖੜ੍ਹੀ ਕਰ ਹੁਕਮ ਕੀਤਾ-ਮਹਿੰਦਰ, ਇਕ ਲੱਖ ਰੁਪਈਆ ਲੈ ਆ। ਸਵੇਰੇ ਹਵਾਈ ਅੱਡੇ ਤੋਂ (ਦਰਾਮ) ਕਰੰਸੀ ਤੁੜਵਾ ਸੂਬਾ ਜੀ ਇਕ ਲੱਖ ਰੁਪਈਆ ਲਿਆਏ ਸਨ ਤੇ ਡੇਰੇ ਰੱਖ ਗਏ ਸਨ। ਸੂਬਾ ਜੀ, ਸਤਿਗੁਰੂ ਜੀ ਦਾ ਹੁਕਮ ਸੁਣ ਅਸਚਰਜ ਹੋਏ-ਇਕ ਲੱਖ ਕੋਲ ਹੈ ਤੇ ਹੁਕਮ ਵੀ ਇਕ ਲੱਖ ਦਾ ਹੋਇਆ ਹੈ। ਡੇਰਿਓ ਰਕਮ ਲੈ, ਜਾ ਕੇ ਮੱਥਾ ਟੇਕ ਖੁਸ਼ੀਆਂ ਪ੍ਰਾਪਤ ਕੀਤੀਆਂ। ਧੰਨ ਅੰਤਰਜਾਮੀ ਸਤਿਗੁਰੂ।

ਬਾਅਦ ਵਿਚ ਸੂਬਾ ਜੀ ਦੱਸਿਆ ਕਿ ਮੇਰੀ ਮਾਤਾ ਨੇ ਸੁੱਖਣਾ ਸੁੱਖੀ ਸੀ ਜਿਹੜਾ ਬੱਚਾ ਹੁਣ ਜਨਮ ਲਵੇਗਾ, ਸਤਿਗੁਰਾਂ ਨੂੰ ਮੱਥਾ ਟੇਕ ਦੇਣਾ ਹੈ। ਗੁਰੂ ਘਰ ਦਾ ਸੇਵਕ ਹੋ ਰਹੇ। ਮਾਤਾ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਗਏ ਤਾਂ ਸਹਿਜੇ ਹੀ ਮੈਨੂੰ ਸਤਿਗੁਰੂ ਜੀ ਦੇ ਆਸਣ ਤੇ ਲੰਮਾ ਪਾ ਕੇ ਮੱਥਾ ਟੇਕ ਸੰਗਤ 'ਚ ਜਾ ਬੈਠੇ। ਸਤਿਗੁਰੂ ਪ੍ਰਤਾਪ ਸਿੰਘ ਜੀ ਬੁਲਾ ਆਖਿਆ-ਮਾਤਾ ਜੀਵਨ ਕੌਰ ਜੀ ਸਰੀਰ ਕਰਕੇ ਨਹੀਂ ਹਨ। ਇਸ ਬੱਚੇ ਦੀ ਸੰਭਾਲ ਇੱਥੇ ਠੀਕ ਨਹੀਂ ਹੋ ਸਕਣੀ। ਇਹ ਸਾਡਾ ਹੈ ਅੱਜ ਤੋਂ, ਪਰ ਤੁਸੀਂ ਆਪਣੇ ਪਾਸ ਰੱਖ ਪਾਲਣ ਪੋਸ਼ਣ ਕਰੋ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਉਪਰੋਕਤ ਵਾਰਤਾ ਦਾ ਪਤਾ ਹੈ। ਮੇਰਾ ਸਭ ਕੁੱਝ ਸਤਿਗੁਰੂ ਜੀ ਨੂੰ ਸਮਰਪਤ ਹੈ। ਇਕ ਲੱਖ ਤਾਂ ਕੀ-ਸਭ ਕੁੱਝ ਇਹਨਾਂ ਦੇ ਹੁਕਮ ਵਿਚ ਹੈ। ਜਦੋਂ ਵੀ ਹੁਕਮ ਹੋ ਜਾਵੇ, ਤਤਕਾਲ ਚਰਨਾਂ 'ਚ ਭੇਟ।

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥
ਕਰਹਾ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੯੧੯

ਹਰਿ ਅੰਮ੍ਰਿਤ ਸਜਣੁ ਮੇਰਾ

ਸਤਿਗੁਰੂ ਬਹੁ ਪੱਖੀ ਸਖਸ਼ੀਅਤ ਹੁੰਦੀ ਹੈ। "ਜਾ ਕੋ ਕੋਇ ਨ ਰਾਖੈ ਪ੍ਰਾਣੀ, ਤਿਸੁ ਤੂ ਦੇਹਿ ਅਸਰਾਉ" ਗੁਰਵਾਕ ਅਨੁਸਾਰ, ਬਜ਼ੁਰਗਾਂ, ਵਿਕਲਾਂਗਾਂ, ਦੁਖੀਆਂ, ਰੋਗੀਆਂ, ਨਿਆਸਰਿਆਂ ਦੀ ਦੇਖ-ਭਾਲ ਕਰਨੀ, ਉਹਨਾਂ ਨੂੰ ਨੂਰੀ ਦਰਸ਼ਨਾਂ ਦੀ ਝਲਕ ਬਖਸ਼ਕੇ ਢੱਠੇ ਮਨਾਂ ਨੂੰ ਢਾਰਸ ਦੇਣੀ, ਲੋੜ ਅਨੁਸਾਰ ਸਹਾਇਤਾ ਕਰਨੀ, ਇਸ ਕਰਕੇ ਸਤਿਗੁਰੂ ਨੂੰ "ਗਰੀਬ ਨਿਵਾਜ਼" ਸ਼ਬਦ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਸੰਤ ਚੰਨਣ ਸਿੰਘ, ਪਿੰਡ ਗੜ੍ਹ ਪਧਾਣਾ, ਦਿੱਲੀ, ਰਹਿੰਦੇ ਸਨ। ਉਹ ਜ਼ਬਰਦਸਤ ਦੁਰਘਟਨਾ ਦੀ ਲਪੇਟ ਵਿਚ ਆ ਗਏ। ਸਤਿਗੁਰੂ ਜੀ ਇਹਨਾਂ ਦਿਨਾਂ 'ਚ ਹੁਕਮ ਕੀਤਾ ਸੀ-ਜਿਹੜੇ ਬਜ਼ੁਰਗ ਜਾਂ ਬੀਮਾਰ ਸਾਧ ਸੰਗਤ 'ਚ ਨਹੀਂ ਪਹੁੰਚ ਸਕਦੇ, ਉਹਨਾਂ ਦੀ ਸੂਚੀ ਤਿਆਰ ਕਰੋ, ਸਭ ਨੂੰ ਘਰਾਂ 'ਚ ਜਾ ਦਰਸ਼ਨ ਦਿਆਂਗਾ। ਇਸ ਸੂਚੀ ਵਿਚ ਸੰਤ ਚੰਨਣ ਸਿੰਘ ਵੀ ਆ ਗਏ।

ਜਥੇਦਾਰ ਜੋਗਾ ਸਿੰਘ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇਸ ਸਿੱਖ ਨੂੰ ਦਰਸ਼ਨ ਦੇ ਕੇ ਨਿਵਾਜੋ। ਹੁਕਮ ਹੋਇਆ-ਪਿਛਲੇ ਪਹਿਰ ਦੇ ਦਿਵਾਨ ਉਪਰੰਤ ਚਲਾਂਗੇ। ਜਦੋਂ ਪਹੁੰਚੇ ਤਾਂ ਪਤਾ ਲਗਾ ਕੇ ਸੰਤ ਚੰਨਣ ਸਿੰਘ ਘਰ ਨਹੀਂ ਹੈ, ਪਰ ਨੇੜੇ ਹੀ ਦੋਸਤਾਂ ਪਾਸ ਜਾ ਕੇ ਬੈਠੇ ਹਨ। ਜਥੇਦਾਰ ਜੀ ਦੀ ਹਾਲਤ ਬਹੁਤ ਪਤਲੀ ਹੋ ਗਈ। ਜੇ ਸੰਤ ਜੀ ਦੀ ਸਿਹਤ ਇੰਨੀ ਕੁ ਅੱਛੀ ਸੀ ਤਾਂ ਧਰਮਸ਼ਾਲਾ ਜਾ ਕੇ ਦਰਸ਼ਨ ਕਰ ਸਕਦੇ ਸੀ। ਸਤਿਗੁਰੂ ਜੀ ਦਾ ਆਉਣਾ ਤਦ ਹੀ ਬਣਦਾ ਸੀ ਜੇ ਬਿਸਤਰੇ ਤੋਂ ਨਹੀਂ ਹਿੱਲ ਸਕਦੇ ਸੀ। ਹਾਲਾਤ ਮੁਤਾਬਿਕ ਸਤਿਗੁਰੂ ਜੀ ਨੂੰ ਅਰਜ਼ ਕਰ-ਮੁਆਫੀ ਮੰਗੀ। ਇਕ ਸਿੱਖ ਸੰਤ ਚੰਨਣ ਸਿੰਘ ਨੂੰ ਸਾਇਕਲ ਤੇ ਬਿਠਾ ਲਿਆਇਆ। ਉਹ ਦਰਸ਼ਨ ਕਰਕੇ ਨਿਹਾਲ ਹੋਇਆ। ਵਾਹ! ਸਤਿਗੁਰੂ ਜੀ-ਸੰਤ ਚੰਨਣ ਸਿੰਘ ਤੇ ਜਥੇਦਾਰ ਜੀ ਦੀ ਗੁਸਤਾਖੀ ਦਾ ਕੋਈ ਗਿਲ੍ਹਾ ਨਹੀਂ ਕੀਤਾ। ਸਿੱਖ ਦੇ ਮਨੋਬਲ ਨੂੰ ਉੱਚਾ ਕਰ, ਜਲਦੀ ਹੀ ਤੰਦਰੁਸਤ ਹੋਣ ਦਾ ਅਸ਼ੀਰਵਾਦ ਪ੍ਰਦਾਨ ਕੀਤਾ।

ਸੂਹੀ ਮਹਲਾ ੫

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜਾ ਉਹ ਕਦੇ ਨਾ ਬੋਲੈ ਕਉਰਾ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗੁਣ ਕੋ ਨ ਚਿਤਾਰੇ॥
ਪਤਿਤ ਪਾਵਨੁ ਹਰਿ ਸਬਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥
ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੭੮੪

ਤਾਪੁ ਲਾਹਿਆ ਗੁਰ ਸਿਰਜਨਹਾਰਿ

ਮਨੁੱਖੀ ਸਰੀਰ ਨੂੰ ਸੁੱਖ-ਦੁੱਖ ਵਾਪਰਨੇ, ਕੁਦਰਤ ਦਾ ਨਿਯਮ ਹੈ। ਦੁੱਖ ਵੇਲੇ ਆਮ ਕਰਕੇ ਡਾਕਟਰੀ ਸਹਾਇਤਾ ਲਈ ਜਾਂਦੀ ਹੈ। ਕਈ ਵੇਰਾਂ ਐਸਾ ਸਮਾਂ ਬਣ ਜਾਂਦਾ ਹੈ, ਦੁੱਖ, ਜੀਵਨ ਲਈ ਖਤਰਾ ਮਹਿਸੂਸ ਹੁੰਦਾ ਹੈ, ਡਾਕਟਰੀ ਪਹੁੰਚ ਹੋ ਨਹੀਂ ਸਕਦੀ। ਐਸੇ ਸਮੇਂ ਸਹਾਇਤਾ ਦਾ ਇਕੋ ਇੱਕ ਸਾਧਨ ਹੁੰਦਾ ਹੈ-ਸਤਿਗੁਰੂ ਅਗੇ ਅਰਦਾਸ, ਜਿਸ ਨਾਲ ਇਨਸਾਨ ਨੂੰ ਹਿੰਮਤ ਮਿਲਦੀ ਹੈ ਤੇ ਦੁੱਖ ਵੀ ਦੂਰ ਹੋ ਜਾਂਦਾ ਹੈ।

ਦਿੱਲੀ – ਕਾਕਾ ਗੁਰ-ਰਤਨ ਸਿੰਘ ਨੂੰ ਰਾਤ ਸਮੇਂ ਸਖ਼ਤ ਬੁਖਾਰ ਹੋ ਗਿਆ। ਪਰਵਾਰ ਦਾ ਮਨ ਡੋਲ ਗਿਆ। ਤੜਕੇ ਆਸਾ ਦੀ ਵਾਰ 'ਚ ਸਤਿਗੁਰੂ ਜੀ ਦਰਸ਼ਨ ਦੇਣੇ ਸਨ। ਮੈਂ (ਲੇਖਕ) ਨੇ ਸੰਤ ਭੁਪਿੰਦਰ ਸਿੰਘ ਭੁਰਜੀ ਨੂੰ ਫੋਨ ਕਰ, ਅਰਜ਼ ਕਰਨ ਲਈ ਕਿਹਾ। ਉਸ ਆਸਾ ਦੀ ਵਾਰ ਸਮੇਂ ਹੀ ਅਰਜ਼ ਕੀਤੀ। ਹੁਕਮ ਹੋਇਆ- ਦਿਨ ਚੜ੍ਹੇ ਡਾਕਟਰ ਨੰਦ ਕਿਸ਼ੋਰ ਨੂੰ ਦਿਖਾਉ। ਪਰ ਸਤਿਗੁਰੂ ਜੀ ਨੂੰ ਅਰਜ਼ ਕਰਦੇ ਸਾਰ, ਬੁਖਾਰ ਨੂੰ ਮੋੜਾ ਪੈਣਾ ਸ਼ੁਰੂ ਹੋ ਗਿਆ।

ਸਵੇਰੇ ਡਾਕਟਰ ਨੰਦ ਕਿਸ਼ੋਰ ਪਾਸ ਗਏ। ਡਾਕਟਰ ਜੀ ਸਹਿਜੇ ਆਖਣ ਲੱਗੇ- ਫਿਕਰ ਕਰਨ ਦੀ ਲੋੜ ਨਹੀਂ। ਇਕ ਗਿਲਾਸ ਅਨਾਰ ਦਾ ਜੂਸ ਹੁਣ ਪਿਆ ਦਿਉ। ਇਕ ਫਿਰ ਪਿਆ ਦੇਣਾ। ਇੰਜ ਹੀ ਕੀਤਾ ਗਿਆ। ਪਿਛਲੇ ਪਹਿਰ ਦੇ ਦਿਵਾਨ 'ਚ ਬੱਚੇ ਨੇ ਤੰਦਰੁਸਤ ਹੋ, ਆਣ ਮੱਥਾ ਟੇਕਿਆ। ਧੰਨਵਾਦ ਲਈ ਅਰਜ਼ ਕੀਤੀ ਗਈ। ਸਤਿਗੁਰੂ ਜੀ ਬਚਨ ਕੀਤਾ-ਤੁਹਾਡੀ ਸ਼ਰਧਾ ਨਾਲ ਬੱਚਾ ਰਾਜ਼ੀ ਹੋਇਐ। ਆਪਣੀ ਕਿਰਪਾ ਫਿਰ ਵੀ ਨਹੀਂ ਜਤਾਈ।

ਬਿਲਾਵਲ ਮਹਲਾ ੫

ਤਾਪੁ ਲਾਹਿਆ ਗੁਰ ਸਿਰਜਨਹਾਰਿ॥
ਸਤਿਗੁਰ ਅਪਨੇ ਕਉ ਬਲਿ ਜਾਈ
ਜਿਨਿ ਪੈਜ ਰਖੀ ਸਾਰੈ ਸੰਸਾਰਿ॥ ੧॥ ਰਹਾਉ॥
ਕਰਿ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ॥
ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ॥
ਦਾਸ ਕੀ ਲਾਜ ਰਖੈ ਮਿਹਰਵਾਨੁ॥
ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ – ੮੨੧

ਬਿਘਨ ਬਿਨਾਸਨ ਸਭਿ ਦੁਖ ਨਾਸਨ

ਆਦਿ ਕਾਲ ਤੋਂ ਹੀ ਰੀਤ ਚਲੀ ਆ ਰਹੀ ਹੈ, ਰਾਕਸ਼ ਬਿਰਤੀਆਂ ਵਾਲੇ ਲੋਕ ਸਤੋਗੁਣ ਵਾਲਿਆਂ ਦੇ ਕੰਮਾ 'ਚ ਵਿਘਨ ਪਾਉਂਦੇ ਹਨ। ਕਲਜੁਗ 'ਚ ਇਸਦਾ ਪ੍ਰਭਾਵ ਜ਼ਿਆਦਾ ਹੋ ਗਿਆ ਹੈ। ਦੂਜੇ ਦੀ ਪ੍ਰਗਤੀ ਨੂੰ ਨ ਸਹਾਰਦੇ ਹੋਏ, ਲੋਕ ਜਾਦੂ ਟੂਣੇ ਆਦਿ ਦਾ ਆਸਰਾ ਲੈਂਦੇ ਹਨ ਅਤੇ ਉਸਦਾ ਨੁਕਸਾਨ ਕਰਦੇ ਹਨ। ਪਰ ਕੁਦਰਤੀ ਵਿਧਾਨ ਹੈ, ਜਿੱਤ, ਸਤਿਗੁਰੂ ਨੂੰ ਮੰਨਣ ਵਾਲਿਆ ਤੇ ਸੱਤੋਗੁਣੀ ਧਾਰਨਾ ਵਾਲੇ ਪੁਰਸ਼ਾ ਦੀ ਹੀ ਹੁੰਦੀ ਹੈ।

ਸੰਤ ਪਰੀਤਮ ਸਿੰਘ, ਬਾਲੀ ਨਗਰ, ਦਿੱਲੀ ਦੱਸਿਆ ਕਿ ਇਕ ਵਾਰ ਐਸਾ ਸਮਾਂ ਬਣਿਆ ਹਰ ਮੰਗਲਵਾਰ ਫੈਕਟਰੀ 'ਚ ਮਸ਼ੀਨਾਂ ਦੇ ਪਟੇ (belt) ਟੁੱਟ ਜਾਣ। ਬੜੀ ਪਰੇਸ਼ਾਨੀ ਹੋਈ। ਸਤਿਗੁਰੂ ਜੀ ਦਿੱਲੀ ਦਰਸ਼ਨ ਦਿੱਤੇ ਤਾਂ ਸਾਰੀ ਵਾਰਤਾ ਅਰਜ਼ ਕੀਤੀ। ਹਾਜ਼ਰਾ ਹਜ਼ੂਰ ਜੀ ਬਚਨ ਕੀਤਾ-ਚੰਗਾ, ਐਤਕੀਂ ਮੰਗਲਵਾਰ ਨੂੰ ਮੈਂ ਫੈਕਟਰੀ ਆਵਾਂਗਾ। ਮਿਥੇ ਪ੍ਰੋਗਰਾਮ ਅਨੁਸਾਰ ਸੱਚੇ ਪਾਤਸ਼ਾਹ ਜੀ, ਕੁਛ ਸਮਾਂ ਫੈਕਟਰੀ ਦਰਸ਼ਨ ਦਿੱਤੇ। ਬੱਸ, ਐਸੀ ਕਿਰਪਾ ਕੀਤੀ, ਨ ਤੇ ਉਸ ਦਿਨ ਕੋਈ ਪਟਾ (belt) ਟੁੱਟਾ ਅਤੇ ਨ ਕਦੇ ਉਸ ਤੋਂ ਬਾਅਦ।

ਸੋਰਠਿ ਮਹਲਾ ੫

ਪਾਰਬ੍ਰਹਮ ਹੋਆ ਸਹਾਈ ਕਥਾ ਕੀਰਤਨ ਸੁਖਦਾਈ॥
ਗੁਰ ਪੂਰੇ ਕੀ ਬਾਣੀ ਜਪਿ ਅਨਦ ਕਰਹੁ ਨਿਤ ਪ੍ਰਾਣੀ॥ ੧॥
ਹਰਿ ਸਾਚਾ ਸਿਮਰਹੁ ਭਾਈ॥
ਸਾਧ ਸੰਗਿ ਸਦਾ ਸੁਖ ਪਾਈਐ ਹਰਿ ਬਿਸਰਿ ਨ ਕਬਹੂ ਜਾਈ॥ ਰਹਾਉ॥
ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ॥
ਜਿਸਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ॥ ੨॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਗੁਰ ਚਰਣੀ ਮਨੁ ਲਾਗਾ॥
ਗੁਣ ਗਾਵਤ ਅਚੁਤ ਅਬਿਨਾਸੀ ਅਨ ਦਿਨੁ ਹਰਿ ਰੰਗਿ ਜਾਗਾ॥ ੩॥
ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ॥
ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ॥ ੪॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੬੧੯

ਜੱਛ ਭੁਜੰਗ ਸਭੈ ਸਿਰ ਨਿਆਵੈ

ਰਚਣਹਾਰੇ ਦੇ ਅਧੀਨ ਉਸਦੀ ਰਚਨਾ ਹੁੰਦੀ ਹੈ। ਚਾਹੇ ਸੂਰਜ, ਚੰਦ੍ਰਮਾ, ਪਉਣ, ਪਾਣੀ, ਬਨਸਪਤੀ ਹੋਵੇ, ਚਾਹੇ ਚਰਾਸੀ ਲੱਖ ਜੀਵ-ਜੰਤੂ। ਸਭ ਉਸਦੇ ਭੈਅ ਵਿਚ ਚਲਦੇ ਹਨ।

ਨਾਮਧਾਰੀ ਵਿਦਿਅਕ ਜੱਥਾ ਬਨਾਉਣ ਦੀ ਯੋਜਨਾ ਉਲੀਕ ਜਦੋਂ ਪਹਿਲੀ ਵਾਰੀ 1-9-1962 ਨੂੰ ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਸ੍ਰੀ ਭੈਣੀ ਸਾਹਿਬ ਇਕੱਠਿਆ ਕੀਤਾ ਤਦ, ਪਿਛਲੇ ਪਹਿਰ ਦਾ ਦਿਵਾਨ ਹਰੀਮੰਦਰ 'ਚ ਸੀ। ਉਸ ਵਕਤ ਹਰੀਮੰਦਰ 'ਚ ਪ੍ਰਵੇਸ਼ ਕਰਦਿਆਂ ਹੀ ਖੱਬੇ ਹੱਥ ਸਤਿਗੁਰੂ ਜੀ ਦਾ ਆਸਣ ਹੁੰਦਾ ਸੀ। ਸਾਮ੍ਹਣੇ ਰਾਗੀ ਸਿੰਘ।

ਇਸ ਸਮੇਂ ਦੋ ਕੁ ਫੁੱਟ ਲੰਬਾਈ ਦੇ ਇਕ ਸੱਪ ਨੇ ਹਰੀਮੰਦਰ 'ਚ ਪ੍ਰਵੇਸ਼ ਕੀਤਾ। ਸਤਿਗੁਰੂ ਜੀ ਆਸਣ 'ਤੇ ਸਸ਼ੋਭਿਤ ਸਨ। ਰਾਗੀ ਸਿੰਘ ਕੀਰਤਨ ਕਰ ਰਹੇ ਸੀ। ਲੇਖਕ ਦਾ ਅੱਖੀਂ ਦੇਖਿਆ ਦ੍ਰਿਸ਼-ਸੱਪ ਜਿਉਂ ਹੀ ਅੰਦਰ ਆਇਆ, ਸੰਗਤ 'ਚ ਥੋੜ੍ਹੀ ਹੱਲ-ਚੱਲ ਹੋਈ। ਸਤਿਗੁਰੂ ਜੀ ਦਾ ਇਸ਼ਾਰਾ ਸੀ-ਹੱਲ ਚੱਲ ਨਾ ਕਰੋ। ਸੱਪ ਆਸਣ ਵਲ ਨੂੰ ਹੋਇਆ। ਸਤਿਗੁਰੂ ਜੀ ਆਪਣੇ ਹੱਥ ਦਾ ਪੰਜਾ ਸੱਪ ਵੱਲ ਨੂੰ ਕੀਤਾ। ਸੱਪ ਦਰਸ਼ਨ ਕਰ, ਹੁਕਮ ਮੰਨ, ਵਾਪਸ ਚਲਾ ਗਿਆ। ਸਾਧ ਸੰਗਤ, ਸਤਿਗੁਰ ਲੀਲ੍ਹਾ ਦੇਖ ਵਿਸਮਾਦ ਹੋ ਗਈ।

ਜਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈ॥
ਭੂਮ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈ।
ਪਾਇ ਸਕੈ ਨਹੀਂ ਪਾਰ ਪ੍ਰਭਾ ਹੂ ਕੋ ਨੇਤ ਹੀ ਨੇਤਹ ਬੇਦ ਬਤਾਵੈ॥
ਖੋਜ ਥਕੇ ਸਭ ਹੀ ਖੁਜੀਆਸੁਰ ਹਾਰ ਪਰੇ ਹਰਿ ਹਾਥ ਨਾ ਆਵੈ॥

ਗੁਰੂ ਗੋਬਿੰਦ ਸਿੰਘ ਜੀ – ਅਕਾਲ ਉਸਤਤ ॥ ੨੪੯॥

ਭਗਤਿ ਵਛਲ ਸਦਾ ਕਿਰਪਾਲ

ਸਤਿਗੁਰੂ ਆਪਣੇ ਭਗਤਾਂ ਨਾਲ ਸਨੇਹ ਕਰਨ ਵਾਲਾ ਹੈ। ਭਗਤ ਜਨ ਬੰਦਗੀ ਨਾਲ ਪ੍ਰੇਮ ਦੀ ਡੋਰੀ ਸਤਿਗੁਰੂ ਦੇ ਚਰਨਾ ਨਾਲ ਜੋੜਦੇ ਹਨ। ਬੁਢੇਪੇ ਕਾਰਨ ਜਦੋਂ ਭਗਤ ਸਤਿਗੁਰੂ ਚਰਨਾਂ ਤਕ ਨ ਪਹੁੰਚ ਸਕੇ, ਤਦ ਸਤਿਗੁਰੂ ਉਸ ਨੂੰ ਦਰਸ਼ਨ ਦੇਕੇ, ਉਸਦੀਆਂ ਭਾਵਨਾਵਾਂ ਨੂੰ ਪੂਰੀਆਂ ਕਰਦੇ ਨੇ। ਸਿੱਖ ਮੁਰਾਦ ਪੂਰੀ ਹੋਣ ਤੇ ਧੰਨ ਧੰਨ ਕਰਦਾ ਹੋਇਆ ਆਪਣੀ ਘਾਲ ਥਾਇ ਪਈ ਮਹਿਸੂਸ ਕਰਦਾ ਹੈ।

ਸੰਨ ਕਰੀਬ 1984-85, ਸ੍ਰੀ ਭੈਣੀ ਸਾਹਿਬ, ਜਿਥੇ ਅਜਕਲ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਦਰਸਾਂਦਾ ਗੱਡਾ ਰੱਖਿਆ ਹੋਇਆ ਹੈ, ਤਕਰੀਬਨ ਇੱਥੇ ਕੁ ਕੱਚੀਆਂ ਕੋਠੜੀਆਂ ਸਨ। ਇਕ ਕੋਠੜੀ 'ਚ ਮਾਈ ਦਾ ਡੇਰਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਇਸ ਮਾਈ ਨੂੰ ਦਰਸ਼ਨ ਦੇਣ ਆਇਆ ਕਰਦੇ ਸਨ।

ਮਰਯਾਦਾ ਅਨੁਸਾਰ ਪਜਾਮਾ ਨਹੀਂ ਪਹਿਨਿਆ ਹੁੰਦਾ ਸੀ। ਚਰਨਾਂ 'ਚ ਕਪੜੇ ਦੀਆਂ ਸਿਲਾਈ ਕੀਤੀਆਂ ਜੁਰਾਬਾਂ ਪਹਿਨੀ ਸਤਿਗੁਰੂ ਜੀ ਇਸ ਮਾਈ ਨੂੰ ਦਰਸ਼ਨ ਦੇਣ ਆਏ। ਮਾਈ ਦੀ ਸ਼ਰਧਾ ਸੀ ਇਕ-ਦੋ ਰੁਪਏ ਜਮ੍ਹਾ ਕਰ ਰਖਣੇ ਤੇ ਟੇਕਣੇ ਨਵੇਕਲੇ ਢੰਗ ਨਾਲ। ਢੰਗ ਕੀ ਸੀ? ਸਤਿਗੁਰੂ ਜੀ ਨੇ ਮਾਈ ਦੇ ਨਜ਼ਦੀਕ ਜਾ ਖਲੋਣਾ। ਮਾਈ ਨੇ ਬੈਠੇ-ਬੈਠੇ ਮੱਥਾ ਟੇਕ ਰੁਪਏ ਸਤਿਗੁਰੂ ਜੀ ਦੀ ਜੁਰਾਬ ਵਿਚ ਪਾ ਦੇਣੇ। ਚਰਨਾਂ 'ਚ ਮਾਇਆ ਰੱਖ, ਮੱਥਾ ਟੇਕਣ ਦੀ ਇਹ ਜਿੰਦਾ ਮਿਸਾਲ ਸੀ। ਮਾਈ ਦੇ ਮਨ ਦੀ ਤਸੱਲੀ ਹੋਣੀ ਕਿ ਮੇਰੇ ਰੁਪਏ ਸਤਿਗੁਰੂ ਜੀ ਦੀ ਚਰਨ ਭੇਟ ਹੋ ਗਏ ਨੇ। ਸਤਿਗੁਰੂ ਜੀ ਨੇ ਆਪ ਤਾਂ ਪੈਸਿਆਂ ਨੂੰ ਛੂਹਣਾ ਨਹੀਂ ਸੀ, ਉਸੇ ਵੇਲੇ ਸੇਵਕਾਂ ਨੂੰ ਭੀ ਨਹੀਂ ਸੀ ਆਗਿਆ ਕਰਦੇ ਕਿ ਪੈਸੇ ਜੁਰਾਬ 'ਚੋਂ ਕੱਢ ਲਉ। ਮਾਈ ਦੀ ਸ਼ਰਧਾ ਦਾ ਪੂਰਾ ਧਿਆਨ ਰੱਖਦੇ ਸਨ। ਜੁਰਾਬ 'ਚ ਪੈਸਿਆਂ ਸਮੇਤ ਚਲੇ ਜਾਣਾ। ਧੰਨ ਮਾਈ ਦੀ ਸ਼ਰਧਾ ਅਤੇ ਧੰਨ ਭਗਤਿ ਵਛਲ ਸਤਿਗੁਰੂ ਸ਼ਰਧਾ ਪੂਰੀ ਕਰਨ ਵਾਲੇ।

ਪ੍ਰਭ ਬਖਸੰਦ ਦੀਨ ਦਇਆਲ॥ ਭਗਤਿ ਵਛਲ ਸਦਾ ਕਿਰਪਾਲ॥
ਅਨਾਥ ਨਾਥ ਗੋਬਿੰਦ ਗੁਪਾਲ॥ ਸਰਬ ਘਟਾ ਕਰਤ ਪ੍ਰਤਿਪਾਲ॥
ਆਦਿ ਪੁਰਖ ਕਾਰਣ ਕਰਤਾਰ॥ ਭਗਤ ਜਨਾ ਕੇ ਪ੍ਰਾਨ ਅਧਾਰ॥
ਜੋ ਜੋ ਜਪੈ ਸੁ ਹੋਇ ਪੁਨੀਤ॥ ਭਗਤਿ ਭਾਇ ਲਾਵੈ ਮਨ ਹੀਤ॥
ਹਮ ਨਿਰਗੁਨੀਆਰ ਨੀਚ ਅਜਾਨ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੨੯੦

ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ

ਸ਼ਰਧਾਲੂ ਸਿੱਖ ਨੂੰ ਸਤਿਗੁਰੂ ਦੇ ਬਚਨ 'ਤੇ ਪੂਰਾ ਭਰੋਸਾ ਹੁੰਦਾ ਹੈ। ਉਹ ਸਮਝਦਾ ਹੈ ਜੋ ਬਚਨ ਹੋ ਗਿਆ ਪੂਰਾ ਹੋ ਜਾਣੈ। ਵਰ ਵਾਲਾ ਬਚਨ ਹੋ ਗਿਆ ਤਾਂ ਭੁੱਲਿਆ ਨਹੀਂ ਸਮਾਉਂਦਾ। ਸਰਾਪ ਵਾਲਾ ਜਾਂ ਸਹਿਜ ਹੀ ਐਸਾ ਕੋਈ ਬਚਨ ਹੋ ਜਾਵੇ ਤਾਂ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਫਿਰ ਸਿੱਖ ਸਤਿਗੁਰੂ ਤੋਂ ਬਖਸ਼ਿਸ਼ ਮੰਗ਼ਦਾ ਹੈ। ਜਾਣੀ-ਜਾਣ ਸਤਿਗੁਰੂ, ਸਿੱਖ ਦੇ ਮਨ ਹੀ ਹਾਲਤ ਜਾਣ, ਚਿੰਤਾ ਦੂਰ ਕਰ ਦੇਂਦੇ ਨੇ।

ਦਿੱਲੀ, ਸੇਠ ਤਰਲੋਕ ਸਿੰਘ ਦੀ ਕੋਠੀ ਤੋਂ ਸਤਿਗੁਰੂ ਜੀ ਦੀ ਰਵਾਨਗੀ ਦੀ ਤਿਆਰੀ ਸੀ। ਕਾਰ ਦੇ ਦੋਨੋਂ ਪਾਸੇ ਸਾਧ ਸੰਗਤ ਦਰਸ਼ਨਾਂ ਲਈ ਖਲੋਤੀ ਸੀ। ਸੰਤ ਸੇਵਾ ਸਿੰਘ ਤੰਬੂਆਂ ਵਾਲਿਆਂ ਦੀ ਸੁਪਤਨੀ ਬੀਬੀ ਪਵਨਜੀਤ ਕੌਰ ਵੀ ਕਤਾਰ 'ਚ ਖਲੋਤੀ ਸੀ। ਸਤਿਗੁਰੂ ਜੀ ਰਜ਼ਾ ਅਨੁਸਾਰ ਇਸ ਬੀਬੀ ਨੂੰ ਜਥੇਦਾਰਨੀ ਕਹਿ ਕੇ ਵੀ ਮਾਣ ਬਖਸ਼ਦੇ ਹਨ।

ਸਤਿਗੁਰੂ ਜੀ ਕੋਠੀ 'ਚੋਂ ਤੇਜ਼ੀ ਨਾਲ ਬਾਹਰ ਆ, ਕਾਰ 'ਚ ਬੈਠ ਗਏ। ਬੀਬੀ ਪਵਨਜੀਤ ਕੌਰ ਸਤਿਗੁਰੂ ਜੀ ਦੀ ਸੀਟ ਦੇ ਦੂਜੇ ਬੰਨੇ ਖਲੋਤੇ ਸਨ। ਇਸ ਸੋਚਿਆ, ਇਧਰੋਂ ਦਰਸ਼ਨ ਸਪੱਸ਼ਟ ਨਹੀਂ ਹੁੰਦੇ, ਛੱਬਦੇ ਨਾਲ ਕਾਰ ਦੇ ਅਗੋਂ ਦੀ ਹੋ ਕੇ ਸਤਿਗੁਰੂ ਜੀ ਵਾਲੇ ਪਾਸੇ ਆ ਗਏ। ਇਹ ਵੇਖ ਸਤਿਗੁਰੂ ਜੀ ਵਿਨੋਦੀ ਢੰਗ ਨਾਲ ਬਚਨ ਕੀਤਾ "ਬਿੱਲੀ ਰਸਤਾ ਕੱਟ ਗਈ।" ਅਥਾਹ ਸ਼ਰਧਾ ਰੱਖਣ ਵਾਲੀ ਬੀਬੀ ਪਵਨਜੀਤ ਕੌਰ ਫੌਰਨ ਅਰਜ਼ ਕੀਤੀ-ਤੁਸਾਂ ਮੈਨੂੰ ਬਿੱਲੀ ਆਖ ਦਿੱਤਾ ਹੈ। ਮੈਂ ਅਗਲੇ ਜਨਮ ਬਿੱਲੀ ਨਹੀਂ ਬਨਣਾ। ਕਿਰਪਾ ਕਰੋ ਹੁਣੇ ਹੀ ਇਹ ਬਚਨ ਪਲਟ ਦਿਉ। ਮੈਂ ਜਾਣ ਨਹੀਂ ਦੇਣਾ। ਭਾਵੇਂ ਇਹ ਬਚਨ ਸਤਿਗੁਰੂ ਜੀ ਸਹਿਜੇ ਹੀ ਕੀਤਾ ਸੀ, ਪਰ ਸ਼ਰਧਾਲੂ ਨੇ ਮੰਨ ਲਿਆ ਇਹ ਬਚਨ ਸੱਚਾ ਹੋ ਜਾਣਾ ਹੈ। ਸਤਿਗੁਰੂ ਜੀ ਮੁਸਕਰਾ ਕੇ ਬਚਨ ਕਰ, ਬੀਬੀ ਦਾ ਸ਼ੰਕਾ ਦੂਰ ਕੀਤਾ ਕਿ ਤੂੰ ਅਗਲੇ ਜਨਮ ਬਿੱਲੀ ਨਹੀਂ ਬਣਦੀ।

ਗਉੜੀ ਮਹਲਾ ੫

ਗੁਰ ਕੈ ਬਚਨਿ ਮੋਹਿ ਪਰਮਗਤਿ ਪਈ।

ਗੁਰਿ ਪੂਰੈ ਮੇਰੀ ਪੈਜ ਰਖਾਈ॥ ੧॥

ਗੁਰ ਕੈ ਬਚਨਿ ਧਿਆਇਓ ਮੋਹਿ ਨਾਉ॥

ਗੁਰ ਪਰਸਾਦਿ ਮੋਹਿ ਮਿਲਿਆ ਥਾਉ॥੧॥ ਰਹਾਉ॥

ਗੁਰ ਕੈ ਬਚਨਿ ਸੁਣ ਰਸਨਿ ਵਖਾਣੀ॥

ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ॥ ੨॥

ਗੁਰ ਕੈ ਬਚਨਿ ਮਿਟਿਆ ਮੇਰਾ ਆਪੁ॥

ਗੁਰੂ ਕੀ ਦਇਆ ਤੇ ਮੇਰਾ ਵਡ ਪਰਤਾਪੁ॥ ੩॥

ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ॥

ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮ॥ ੪॥

ਗੁਰ ਕੈ ਬਚਨਿ ਕੀਨੋ ਰਾਜੁ ਜੋਗੁ॥

ਗੁਰ ਕੈ ਸੰਗਿ ਤਰਿਆ ਸਭੁ ਲੋਗੁ॥ ੫॥

ਗੁਰ ਕੈ ਬਚਨਿ ਮੇਰੇ ਕਾਰਜ ਸਿਧਿ॥

ਗੁਰ ਕੈ ਬਚਨਿ ਪਾਇਆ ਨਾਉ ਨਿਧਿ॥ ੬॥

ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ॥

ਤਿਸਕੀ ਕਟੀਐ ਜਮ ਕੀ ਫਾਸਾ॥੭॥

ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ॥

ਨਾਨਕ ਗੁਰੁ ਭੇਟਿਆ ਪ੍ਰਾਰਬ੍ਰਹਮ॥ ੮॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ – ਪੰਨਾ ੨੩੯

ਮਾਸ-ਸ਼ਰਾਬ ਤੇ ਹੋਰ ਨਸ਼ੇ ਸਰੀਰ ਅਤੇ ਆਤਮਾ ਦਾ ਵਿਨਾਸ਼ ਕਰਦੇ ਨੇ। ਇਹ ਬੁਰੀ ਆਦਤ ਥੋੜ੍ਹੇ ਕੀਤੇ ਫਿਰ ਛੁੱਟਦੀ ਨਹੀਂ। ਆਮ ਲੋਕਾਂ ਨੂੰ ਮਾਸ-ਸ਼ਰਾਬ ਅਤੇ ਹੋਰ ਨਸ਼ਿਆਂ ਦੀ ਆਦਤ ਤੋਂ ਦੂਰ ਕਰਕੇ ਸਤਿਗੁਰੂ ਜੀ ਉੱਚਾ-ਸੁੱਚਾ ਦੈਵੀ ਜੀਵਨ ਬਤੀਤ ਕਰਨ ਦੀ ਬੁੱਧੀ ਬਖਸ਼ਦੇ ਨੇ। ਨਸ਼ਾ ਮੁਕਤ ਹੋਇਆ ਪ੍ਰਾਣੀ ਫਿਰ ਸਤਿਗੁਰੂ ਦੀਆਂ ਸਿਫ਼ਤਾਂ ਕਰਦਾ ਥੱਕਦਾ ਨਹੀਂ, ਕਿਉਂਕਿ ਦੈਵੀ ਜੀਵਨ ਦੇ ਸੁਖ ਹੀ ਪਰਮ ਸੁਖ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅਹੁਦੇਦਾਰ ਸ. ਬਲਵੰਤ ਸਿੰਘ (ਅਨੰਦ ਪਰਬਤ) ਇਕ ਵੇਰਾ ਨਾਮਧਾਰੀ ਸੰਗਤ ਦਿੱਲੀ 'ਚ ਖਲੋ ਕੇ ਦੱਸਿਆ ਕਿ ਜਵਾਨੀ ਸਮੇਂ ਉਹ ਸ਼ਰਾਬ ਪੀਂਦੇ ਸਨ। ਇਕ ਦਿਨ ਆਪਣੇ ਦੋਸਤ ਨਾਲ, ਸਕੂਟਰ ਤੇ ਬੁੱਧਾ ਗਾਰਡਨ ਗਏ। ਸ਼ਰਾਬ ਦੀਆਂ ਬੋਤਲਾਂ ਸਕੂਟਰ ਦੀ ਡਿੱਗੀ 'ਚ ਧਰ ਕੇ ਜਗ੍ਹਾ ਲੱਭਣ ਗਏ, ਕਿੱਥੇ ਬੈਠ ਕੇ ਪੀਤੀ ਜਾਵੇ। ਥੋੜ੍ਹਾ ਅਗੇ ਗਏ ਤਾਂ ਦੇਖਿਆ ਇਕ ਮਹਾਂ ਪੁਰਸ਼ ਪੇੜ ਥੱਲੇ ਖਲੋਤੇ ਹਨ ਅਤੇ ਸੇਵਕ ਤਸਵੀਰ ਖਿੱਚ ਰਿਹਾ ਹੈ।

ਮਹਾਂ ਪੁਰਸ਼ ਆਖਿਆ-ਹੁਣ ਸ਼ਰਾਬ ਪੀਣੀ ਛੱਡ ਦਿਉ। ਅਸਾਂ ਸੋਚਿਆ ਇਹਨਾਂ ਨੂੰ ਸਾਡੀ ਸਾਰੀ ਖਬਰ ਕਿਸ ਤਰ੍ਹਾਂ ਹੈ? ਗੱਲਬਾਤ ਤੋਂ ਪਤਾ ਲੱਗਾ ਕਿ ਇਹ ਸਤਿਗੁਰੂ ਜਗਜੀਤ ਸਿੰਘ ਹਨ। ਅਸੀਂ ਦਰਸ਼ਨ ਕਰ ਨਿਹਾਲ ਹੋ ਗਏ। ਇਕ ਦਮ ਛੱਡਣ ਦਾ ਮਨ ਕਿਥੋਂ ਬਨਣਾ ਸੀ ਪਰ ਆਖ ਦਿੱਤਾ, ਜੀ ਛੱਡ ਦਿਆਂਗੇ। ਆਪਣੇ ਸੁਭਾਅ ਅਨੁਸਾਰ ਦੂਰੋ ਹੀ ਹੱਥ ਜੋੜ, ਸਿਰ ਝੁਕਾਇਆ। ਸਤਿਗੁਰੂ ਜੀ ਦੇ ਇਲਾਹੀ ਦਰਸ਼ਨ ਦਾ ਐਸਾ ਪ੍ਰਭਾਵ ਹੋਇਆ, ਸ਼ਰਾਬ ਪੀਣ ਦੀ ਯੋਜਨਾ ਵਿੱਚੇ ਛੱਡ ਅਸੀਂ ਸਕੂਟਰ ਸਵਾਰ ਹੋ ਦੌੜੇ। ਫਿਰ ਕਦੇ ਸ਼ਰਾਬ ਨਹੀਂ ਪੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦਾ ਮੇਰੇ ਤੇ ਉਪਕਾਰ ਹੈ, ਮੈਨੂੰ ਸ਼ੁਭ ਗੁਣ ਬਖਸ਼ੇ ਨੇ। ਮੈਂ ਉਹਨਾਂ ਦਾ ਰਿਣੀ ਹਾਂ।

ਸਲੋਕ ਮਹਲਾ ੩

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦ ਮੂਲਿ ਨਾ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੫੫੪

ਸਤਿਗੁਰੂ ਜੀ ਸਿੱਖ ਪੰਥ ਦੀਆਂ ਮਹਾਨ ਹਸਤੀਆਂ ਨਾਲ ਪੂਰਾ ਤਾਲ-ਮੇਲ ਰੱਖਦੇ ਨੇ। ਲੋੜ ਪੈਣ ਤੇ ਕਈ ਸਮੱਸਿਆਵਾਂ ਦਾ ਮਿਲ-ਬੈਠਕੇ ਸਮਾਧਾਨ ਕਰਨਾ, ਉਹਨਾਂ ਦੀ ਸੁਭਾਵਿਕ ਕ੍ਰਿਆ ਹੈ। ਉਹਨਾਂ ਦੀ ਸੋਚ ਦੂਰ ਅੰਦੇਸ਼ੀ ਹੁੰਦੀ ਹੈ ਤੇ ਪਹੁੰਚ ਉਸਾਰੂ। ਜਿਸਦਾ ਸਿੱਟਾ ਇਹ ਹੁੰਦਾ ਹੈ ਕਿ ਸਮੱਸਿਆ ਦਾ ਹੱਲ ਹੋ ਗਿਆ ਤੇ ਪਿਆਰ ਵੀ ਕਾਇਮ ਰਿਹਾ।

ਜਥੇਦਾਰ ਅਵਤਾਰ ਸਿੰਘ ਹਿਤ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਜਾਣੇ ਪਛਾਣੇ ਲੀਡਰ ਹਨ। ਇਕ ਵੇਰਾ ਇਹਨਾਂ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ। ਸੰਗਤ ਕਰਨ ਲਈ ਕੋਈ ਥਾਂ ਨ ਰਿਹਾ। ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ 'ਚ ਆਏ। ਗਰੀਬ ਨਿਵਾਜ਼ ਬਚਨ ਕੀਤਾ-ਤੂੰ ਸਾਡੀ ਸੰਗਤ 'ਚ ਆ ਜਾਇਆ ਕਰ।

ਮਿਹਰਵਾਨ ਸਤਿਗੁਰੂ ਜੀ ਮੌਕੇ ਦੀ ਨਜ਼ਾਕਤ ਦੇਖ ਜ਼ਿੰਮੇਵਾਰ ਵਿਅਕਤੀਆਂ ਨੂੰ ਸ਼ੁਭ ਬਚਨਾਂ ਨਾਲ ਹਿਤ ਜੀ ਨੂੰ ਮੁੜ ਪੰਥ 'ਚ ਸ਼ਾਮਿਲ ਕਰਨ ਲਈ ਪ੍ਰੇਰਿਆ। ਉਹਨਾਂ ਸਤਿਗੁਰੂ ਜੀ ਦੀ ਪ੍ਰੇਰਨਾ ਨੂੰ ਅਮਲ ਵਿਚ ਲਿਆਂਦਾ ਤੇ ਹਿਤ ਜੀ ਨੂੰ ਮਾਇਆ ਦਾ ਡੰਨ ਲਾ ਕੇ ਮੁੜ ਪੰਥ 'ਚ ਸ਼ਾਮਿਲ ਕਰ ਲਿਆ। ਹਿੱਤ ਜੀ ਦੱਸਦੇ ਨੇ, ਮੇਰੇ ਪਾਸ ਡੰਨ ਭਰਨ ਲਈ ਪੂਰੀ ਮਾਇਆ ਨਹੀਂ ਸੀ। ਸਤਿਗੁਰੂ ਜੀ ਮਾਇਆ ਦੇ ਕੇ ਮੇਰੀ ਸਹਾਇਤਾ ਕੀਤੀ।

. ਹਿਤ ਜੀ ਦਲੇਰ ਬੁਲਾਰੇ ਹਨ। "ਸਤਿਗੁਰੂ" ਸ਼ਬਦ ਵਰਤਣ ਵਿਚ ਉਹਨਾਂ ਨੂੰ ਰੱਤੀ ਸੰਕੋਚ ਨਹੀਂ। ਬੰਗਲਾ ਸਾਹਿਬ ਗੁਰਦੁਆਰੇ ਦੀ ਸਟੇਜ ਤੋਂ ਸਤਿਗੁਰੂ ਰਾਮ ਸਿੰਘ ਸ਼ਬਦ ਦਾ ਪ੍ਰਯੋਗ ਕਰਕੇ ਉਹ ਨਝਿੱਜਕ ਹੋ, ਸਤਿਗੁਰੂ ਜੀ ਦੇ ਸਿੱਖ ਪੰਥ ਤੇ ਕੀਤੇ ਉਪਕਾਰਾ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਂਦੇ ਰਹਿੰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਦਾ ਮੌਕਾ ਭਾਲ ਹੀ ਲੈਂਦੇ ਨੇ। ਕਹਿੰਦੇ ਨੇ - ਉਸ ਵੇਲੇ ਸਤਿਗੁਰੂ ਜਗਜੀਤ ਸਿੰਘ ਮੇਰੀ ਬਾਂਹ ਨ ਫੜਦੇ ਤਾਂ ਮੈਂ ਡੋਲ ਜਾਂਦਾ।

ਟੋਡੀ ਮਹਲਾ ੫

ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧॥ ਰਹਾਉ॥
ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥
ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥ ੧॥
ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ - ਪੰਨਾ ੭੧੩

ਗੁਰ ਪੂਰਾ ਨਿਰਵੈਰ ਹੈ

ਸਤਿਗੁਰੂ ਹਮੇਸ਼ਾ ਨਿਰਵੈਰ ਹੁੰਦੇ ਨੇ। ਉਸਨੂੰ ਚਾਹੇ ਕੋਈ ਮੰਨੇ ਜਾ ਨ, ਸਭ ਉਸਦੇ ਹੁੰਦੇ ਨੇ। ਉਸ 'ਤੇ ਆਸਥਾ ਰੱਖਣ ਵਾਲਿਆ ਦੀ ਉਹ ਹਮੇਸ਼ਾ ਰਹਿਨੁਮਾਈ ਕਰਦੇ ਨੇ ਤੇ ਵਿਰੋਧ ਕਰਨ ਵਾਲਿਆਂ ਨੂੰ ਸ਼ੁਭ ਮੱਤ ਬਖਸ਼ਕੇ ਉਹਨਾਂ ਦਾ ਭਲਾ ਕਰਦੇ ਨੇ।

ਸੰਤ ਸੁਲੱਖਣ ਸਿੰਘ, ਤ੍ਰੀ ਨਗਰ, ਦਿੱਲੀ, ਗੁਣਾਂ ਨਾਲ ਸ਼ਿੰਗਾਰੇ ਵਿਅਕਤੀ ਸਨ। ਨੋਕ ਵਾਲੀ ਦਸਤਾਰ ਸਜਾਂਦੇ ਸਨ ਪਰ ਸਤਿਗੁਰੂ ਜੀ ਦੇ ਸਨਮੁਖ ਸਿੱਧੀ ਦਸਤਾਰ ਸਜਾਂਦੇ ਸਨ। ਸ਼ੁਭ ਗੁਣਾਂ ਕਾਰਨ ਸਤਿਗੁਰੂ ਜੀ ਦੀ ਕ੍ਰਿਪਾ ਦੇ ਪਾਤਰ ਇਤਨੇ ਕਿ ਦਿੱਲੀ ਨਗਰ ਨਿਗਮ ਦੇ ਕੌਂਸਲਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਿਲਡਿੰਗ ਉਸਾਰੀ ਕਮੇਟੀ ਦੇ ਚੇਅਰਮੈਨ ਅਤੇ ਪ੍ਰਬੰਧਕ ਕਮੇਟੀ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਰਹੇ। ਜਥੇਦਾਰ ਸੰਤੋਖ ਸਿੰਘ, ਕਮੇਟੀ ਦੇ ਪ੍ਰਧਾਨ, ਦੀ ਦੁੱਖਦਾਈ ਮੌਤ ਤੋਂ ਬਾਅਦ ਸੰਤ ਸੁਲੱਖਣ ਸਿੰਘ ਐਕਟਿੰਗ ਪ੍ਰਧਾਨ ਬਣੇ।

ਗੁਰਦੁਆਰਾ ਕਮੇਟੀ ਦੀ ਇਲੈਕਸ਼ਨ ਸਮੇਂ ਕੁਝ ਸਾਥੀ ਵਿਰੋਧੀ ਹੋ ਗਏ ਤੇ ਮੁੱਦਾ ਚੁੱਕ ਲਿਆ ਇਹ ਦੇਹਧਾਰੀ ਗੁਰੂ ਨੂੰ ਮੰਨਦਾ ਹੈ, ਸਿੱਖ ਨਹੀਂ ਹੈ, ਕਮੇਟੀ ਦਾ ਮੈਂਬਰ ਨਹੀਂ ਹੋ ਸਕਦਾ। ਵਿਰੋਧੀ ਭਾਵਨਾ ਨਾਲ ਜੁੜਿਆ ਮਾਮਲਾ ਕਚਿਹਰੀ ਜਾ ਪਹੁੰਚਾ। ਸਮਰਥ ਸਤਿਗੁਰੂ ਨੂੰ ਸਭ ਪਤਾ ਸੀ-ਰਹਿਨੁਮਾਈ ਕਰਦਿਆਂ ਬਚਨ ਕੀਤਾ-ਚਿੰਤਾ ਨਾ ਕਰ, ਆਪਣਾ ਕੰਮ ਕਰੀ ਜਾਹ। ਗੁਰੂ ਨਾਨਕ ਦੇਵ ਜੀ ਅਤੇ ਉਸਦੇ ਜਾਨਸ਼ੀਨਾ ਨੂੰ ਮੰਨਣ ਵਾਲਾ ਸਿੱਖ ਹੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਐਸੀ ਕਲਾ ਵਰਤਾਈ, ਜਿਹਨਾਂ ਮੁਕੱਦਮਾ ਕੀਤਾ ਸੀ ਉਹਨਾਂ ਤੇ ਟੇਢਾ ਕੇਸ ਬਣ ਗਿਆ। ਮੁਸੀਬਤ ਵਿਚ ਫੱਸ ਗਏ। ਸਤਿਗੁਰੂ ਜੀ ਸੰਤ ਸੁਲੱਖਣ ਸਿੰਘ ਨੂੰ ਹੁਕਮ ਕੀਤਾ - ਚਾਹੇ ਤੇਰੇ ਵਿਰੋਧੀ ਨੇ, ਕਚਿਹਰੀ 'ਚ ਜਾ ਕੇ ਉਹਨਾਂ ਦੀ ਮੱਦਦ ਕਰ, ਸਤਿਗੁਰੂ ਭਲੀ ਕਰਨਗੇ।

ਸੰਤ ਜੀ ਹੁਕਮ ਮੰਨ ਅਮਲ ਕੀਤਾ। ਵਿਰੋਧੀ ਮੁਸੀਬਤ 'ਚੋਂ ਨਿਕਲ, ਸੰਤ ਜੀ ਦੇ ਪੱਖ ਵਿਚ ਹੋ ਗਏ। ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਸੰਤ ਜੀ ਕਚਿਹਰੀ 'ਚ

ਉਹਨਾਂ ਦੇ ਸੁਪੱਤਰ ਜਸਪਾਲ-ਸਿੰਘ ਵੀ ਕਮੇਟੀ ਦੇ ਮੈਂਬਰ ਬਣੇ।

ਸਤਿਗੁਰੁ ਗੁਣੀ ਨਿਧਾਨ ਹੈ ਗੁਣ ਕਰਿ ਬਖਸੇ ਅਵਗੁਣਿਆਰੇ।
ਸਤਿਗੁਰੁ ਪੂਰਾ ਵੈਦੁ ਹੈ, ਪੰਜੇ ਰੋਗ ਅਸਾਧ ਨਿਵਾਰੇ।
ਸੁਖ ਸਾਗਰ ਗੁਰਦੇਉ ਹੈ, ਸੁਖ ਦੇ ਮੇਲਿ ਲਏ ਦੁਖਿਆਰੇ।
ਗੁਰ ਪੂਰਾ ਨਿਰਵੈਰ ਹੈ, ਨਿੰਦਕ ਦੋਖੀ ਬੇਮੁਖ ਤਾਰੇ।
ਗੁਰ ਪੂਰਾ ਨਿਰਭਉ ਸਦਾ, ਜਨਮ ਮਰਣ ਜਮ ਡਰੈ ਉਤਾਰੇ॥
ਸਤਿਗੁਰ ਪੁਰਖੁ ਸੁਜਾਣੁ ਹੈ, ਵਡੇ ਅਜਾਣੁ ਮੁਗਧ ਨਿਸਤਾਰੇ।
ਸਤਿਗੁਰੁ ਆਗੂ ਜਾਣੀਐ, ਬਾਹ ਪਕੜਿ ਅੰਧਲੇ ਉਧਾਰੇ।
ਮਾਣ ਨਿਮਾਣੇ, ਸਦ ਬਲਿਹਾਰੇ।

ਭਾਈ ਗੁਰਦਾਸ ਜੀ ਵਾਰ ੨੬ ਪਉੜੀ ੧੯

ਸਤਿਗੁਰੂ ਜੀ ਦੇ ਬਣਾਏ ਧਾਰਮਿਕ ਅਸਥਾਨ ਦਾ ਇਹ ਸਿਧਾਂਤ ਹੁੰਦਾ ਹੈ ਕਿ ਉਥੇ ਰਹਿਣ ਵਾਲਾ ਹਰ ਵਿਅਕਤੀ, ਮਰਯਾਦਾ 'ਚ ਰਹੇ। ਸਤਿਗੁਰੂ ਜੀ ਵੱਲੋਂ ਥਾਪੇ ਪ੍ਰਬੰਧਕਾਂ ਦੀ ਆਗਿਆ ਦਾ ਪਾਲਣ ਕਰੇ। ਅਗਰ ਕਿਸੇ ਨੂੰ ਸੇਵਾ ਕਰਨ ਦੀਆਂ ਕੁੱਝ ਜ਼ਿੰਮੇਵਾਰੀਆਂ ਮਿਲੀਆ ਹੋਈਆਂ ਹਨ, ਉਹ ਰਿਸ਼ਤੇਦਾਰੀ ਤੋਂ ਉੱਪਰ ਉੱਠਕੇ ਆਪਣੀ ਜ਼ਿੰਮੇਵਾਰੀ ਨਿਭਾਵੇ। ਕਦੇ ਨਿਯਮਾਂ ਦੀ ਉਲੰਘਣਾ ਹੋਣ ਕਾਰਨ ਦੰਡ ਮਿਲੇ, ਫਿਰ ਵੀ ਸਿੱਖ ਆਪਣੇ ਸਤਿਗੁਰੂ ਦੇ ਦਰਸ਼ਨ ਅਤੇ ਉਸਦੀ ਅੰਮ੍ਰਿਤ ਭਰੀ ਦ੍ਰਿਸ਼ਟੀ ਲਈ ਲੋਚਦਾ ਹੈ।

ਕਿਸ਼ਨ ਸਿੰਘ ਨਾਮ ਦਾ ਇਕ ਨਾਮਧਾਰੀ, ਪਰਵਾਰ ਸਮੇਤ ਸ੍ਰੀ ਭੈਣੀ ਸਾਹਿਬ ਡੇਰੇ ਰਹਿੰਦਾ ਸੀ। ਉਸਦੇ ਪੁੱਤਰਾਂ ਕੋਈ ਅਵੱਗਿਆ ਕੀਤੀ ਤਾਂ ਪ੍ਰਬੰਧਕਾ ਦੋ ਚਾਰ ਚਪੇੜਾਂ ਲਗਾ ਦਿੱਤੀਆਂ। ਕਿਸ਼ਨ ਸਿੰਘ ਮੌਕੇ ਤੇ ਸੀ। ਪੁੱਤਰਾਂ ਦਾ ਪੱਖ ਕਰਨ ਦੌਰਾਨ ਇਕ ਅੱਧੀ ਇਹਦੇ ਵੀ ਲੱਗ ਗਈ। ਸਤਿਗੁਰੂ ਜੀ ਪਾਸ ਰਿਪੋਰਟ ਪੁੱਜ ਗਈ।

ਪਿਛਲੇ ਪਹਿਰ ਦੇ ਦਿਵਾਨ 'ਚ ਮੱਥਾ ਟੇਕਣ ਲਈ ਕਿਸ਼ਨ ਸਿੰਘ ਕਤਾਰ ਵਿਚ ਆ ਰਿਹਾ ਸੀ। ਸਤਿਗੁਰੂ ਜੀ ਨੇਤਰ ਬੰਦ ਕਰ ਭਜਨ ਕਰ ਰਹੇ ਸਨ। ਕਿਸ਼ਨ ਸਿੰਘ ਮੱਥਾ ਟੇਕ-ਥੋੜ੍ਹਾ ਪਾਸੇ ਹੋ ਖਲੋ ਗਿਆ-ਜਦੋਂ ਨੇਤ੍ਰ ਖੋਲ੍ਹਣਗੇ ਉਦੋਂ ਸਹੀ। ਥੋੜ੍ਹੀ ਦੇਰ ਬਾਅਦ ਗਰੀਬ ਨਿਵਾਜ਼ ਨੇਤਰ ਖੋਲ੍ਹੇ। ਕਿਸ਼ਨ ਸਿੰਘ ਮੌਕਾ ਦੇਖ ਬੋਲਿਆ-ਮੇਰੇ ਮੁੰਡੇ ਕੁਟਵਾਏ, ਮੈਨੂੰ ਕੁਟਵਾਇਆ, ਕੋਈ ਗੱਲ ਨਹੀਂ, ਮੈਨੂੰ ਕੋਈ ਰੋਸ ਨਹੀਂ। ਤੇਰਾ ਦਰਸ਼ਨ ਕਰਨ ਆਏ ਹਾਂ, ਨਿਗ੍ਹਾ ਨਾਲ ਨਿਗ੍ਹਾ ਤੇ ਮਿਲਾ।

ਸਤਿਗੁਰੂ ਜੀ ਅਪਣੱਤ ਸੁਣ ਮੁਸਕਰਾਏ। ਸਿੱਖ ਦੀ ਸਤਿਗੁਰੂ ਨਾਲ ਨਿਗ੍ਹਾ ਇੱਕ-ਮਿੱਕ ਹੋਈ। ਖੁਸ਼ ਹੋ ਮੱਥਾ ਟੇਕ ਸੰਗਤ 'ਚ ਜਾ ਬੈਠਾ।

ਸਾਰੰਗ ਮਹਲਾ ੫

ਮਨ ਓਇ ਦਿਨਸ ਧੰਨ ਪਰਵਾਨਾਂ॥
ਸਫਲ ਤੇ ਘਰੀ ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾਂ॥ ੧॥ ਰਹਾਉ॥
ਧੰਨਿ ਸੁਭਾਗ ਧੰਨਿ ਸੋਹਾਗ ਧੰਨਿ ਦੇਤ ਜਿਨਿ ਮਾਨਾਂ॥
ਇਹੁ ਤਨੁ ਤੁਮਰਾ ਸਭ ਗ੍ਰਿਹੁ ਧਨੁ ਤੁਮਰਾ ਹੀਉ ਕੀਓ ਕੁਰਬਾਨਾਂ॥ ੧॥
ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ ਦ੍ਰਿਸਟਾਨਾਂ॥
ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ ਅੰਤ ਨ ਜਾਨਾਂ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ. ੨੭੩

ਸੰਸਾਰ 'ਚ ਵਿਚਰਦਿਆਂ ਗ੍ਰਿਹਸਥੀ ਵਿਅਕਤੀ ਨੇ ਧਨ ਵੀ ਕਮਾਉਣਾ ਹੈ ਅਤੇ ਧਰਮ ਵੀ। ਇਹ ਦੋਵੇਂ ਜ਼ਰੂਰੀ ਨੇ। ਪਰਵਾਰ ਦੀ ਪਾਲਣਾ ਲਈ ਧਨ ਅਤੇ ਸੁਚੱਜੀ ਜੀਵਨ ਜਾਚ ਲਈ ਧਰਮ। ਜਦੋਂ ਗ੍ਰਿਹਸਥੀ ਜੀਵਨ 'ਚ ਕਾਰੋਬਾਰ ਦੀ ਘਾਟ ਮਹਿਸੂਸ ਹੋਵੇ, ਆਪਣੇ ਯਤਨ ਫੇਲ੍ਹ ਹੋ ਜਾਣ, ਫਿਰ ਸਤਿਗੁਰੂ ਪਾਸ ਜਾ ਕੇ ਅਰਜ਼ ਕਰਨ ਤੋਂ ਬਿਨਾਂ ਹੋਰ ਕੋਈ ਸਾਧਨ ਨਹੀਂ ਹੁੰਦਾ। ਕਿਤੇ ਅਰਜ਼ ਪ੍ਰਵਾਨ ਹੋ ਜਾਵੇ, ਫਿਰ ਗਰੀਬੀ ਕੱਟੀ ਜਾਂਦੀ ਹੈ ਅਤੇ ਲੱਛਮੀ ਦੇ ਅੰਬਰ ਲੱਗ ਜਾਂਦੇ ਨੇ।

ਸੰਤ ਸੁਰਜੀਤ ਸਿੰਘ, (ਗੜ੍ਹਪਧਾਣਾ) ਵਿਕਾਸਪੁਰੀ, ਦਿੱਲੀ ਨਿਵਾਸ ਰੱਖਦੇ ਨੇ। ਪਹਿਲਾਂ ਇਹਨਾਂ ਦੀ ਛੋਟੀ ਜਿਹੀ ਦੁਕਾਨ ਬਾਲੀ ਨਗਰ ਨੇੜੇ ਸੀ। ਨੋਕੀ ਦਸਤਾਰ ਸਜਾਂਦੇ ਸਨ ਪਰ ਅੰਦਰੋਂ ਪੂਰੇ ਨਾਮਧਾਰੀ। ਕਾਰੋਬਾਰ ਤਸੱਲੀ ਬਖਸ਼ ਨਹੀਂ ਸੀ। ਸਤਿਗੁਰੂ ਜੀ ਪਾਸ ਕਾਰੋਬਾਰ 'ਚ ਵਾਧੇ ਲਈ ਅਰਜ਼ ਕੀਤੀ। ਹੁਕਮ ਹੋਇਆ-ਦਸਤਾਰ ਸਿੱਧੀ ਕਰ ਲੈ। ਦਸਵੰਧ ਕੱਢਿਆ ਕਰ।

ਸੰਤ ਜੀ ਹੁਕਮ ਮੰਨ ਦਸਤਾਰ ਸਿੱਧੀ ਸਜਾਉਣ ਲੱਗ ਪਏ। ਦਸਵੰਧ ਵੀ ਭੇਟ ਕਰਨਾ ਸ਼ੁਰੂ ਕਰ ਦਿੱਤਾ। ਅੱਜ ਕਰੋੜਾਂ ਰੁਪਏ ਕੀਮਤ ਦੀਆਂ ਤਿੰਨ ਫੈਕਟਰੀਆਂ ਹਨ। ਤਿੰਨ ਕੋਠੀਆਂ ਹਨ। ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦੱਸਦੇ ਹੋਏ ਮਸਤੀ 'ਚ ਆ ਜਾਂਦੇ ਨੇ।

ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ॥
ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ॥
ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ॥
ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ।
ਪੂਰਿ ਰਹਿਆ ਸਰਬ ਥਾਈ ਗੁਰ ਗਿਆਨ ਨੇਤ੍ਰੀ ਅੰਜਨੋ॥
ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੬੯੧

ਹਰਿ ਪ੍ਰਭੁ ਠਾਕੁਰਿ ਕਾਜੁ ਰਚਾਇਆ

ਵਿਆਹ ਜਾਂ ਅਨੰਦ ਕਾਰਜ ਗ੍ਰਿਹਸਥੀ ਜੀਵਨ 'ਚ ਪ੍ਰਵੇਸ਼ ਹੋਣ ਦੀ ਇਕ ਰਸਮ ਹੈ। ਅਨੰਦ ਤੋਂ ਭਾਵ ਹੈ ਖੁਸ਼ੀ, ਪਰ ਦਾਜ-ਦਹੇਜ ਦੀ ਦਲਦਲ 'ਚ ਫੱਸ ਕੇ ਇਹ ਖੁਸ਼ੀ ਮਾਰੀ ਜਾਂਦੀ ਹੈ। ਘਰੇਲੂ ਝਗੜੇ ਉਤਪੰਨ ਹੋ ਜਾਂਦੇ ਨੇ। ਦਾਜ-ਦਹੇਜ ਅਤੇ ਹੋਰ ਬੁਰਿਆਈਆਂ ਨੂੰ ਦੂਰ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਨੇ 3 ਜੂਨ 1863 ਨੂੰ ਸਿੱਖ ਧਰਮ ਅੰਦਰ ਅਨੰਦ ਕਾਰਜ ਦੀ ਮਰਯਾਦਾ ਦਾ ਆਰੰਭ ਕੀਤਾ। ਜਿੱਥੇ ਸਮੇਂ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮਰਯਾਦਾ 'ਚ ਹੋਰ ਵਾਧੇ ਕੀਤੇ ਹਨ, ਉੱਥੇ ਕਈ ਵਾਰ ਅਨੰਦ ਕਾਰਜ ਐਸੇ ਅਨੋਖੇ ਤੇ ਸਰਲ ਢੰਗ ਨਾਲ ਨੇਪਰੇ ਚਾੜ੍ਹ ਦੇਂਦੇ ਨੇ, ਜਿਸਦੀ ਮਿਸਾਲ ਨਹੀਂ ਮਿਲਦੀ।

ਸੰਤ ਬਲਵੰਤ ਸਿੰਘ ਸੋਧੀ, ਲਾਜਪਤ ਨਗਰ, ਦਿੱਲੀ ਵਾਲਿਆ ਦੱਸਿਆ-ਇਕ ਵੇਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮੇਲਾ ਹੋਇਆ। ਮੇਲਾ ਖੁਲ੍ਹੇ ਮੈਦਾਨ ਵਿਚ ਸੀ। ਬਾਰਸ਼ ਤੋਂ ਬਚਾਅ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ। ਅਖੀਰਲੇ ਦਿਨ ਅਨੰਦ ਕਾਰਜ ਹੋਣੇ ਸਨ, ਪਰ ਅੰਮ੍ਰਿਤ ਵੇਲੇ ਤੋਂ ਬਾਰਸ਼ ਪੈਣੀ ਸ਼ੁਰੂ ਹੋ ਗਈ। ਪ੍ਰਬੰਧਕਾਂ ਅਰਜ਼ ਕੀਤੀ, ਅਨੰਦ ਕਾਰਜ ਕਿਸ ਤਰ੍ਹਾਂ ਹੋਣਗੇ। ਸਚੇ ਪਾਤਸ਼ਾਹ ਜੀ ਅਰਦਾਸ ਉਪਰੰਤ ਬਚਨ ਕੀਤਾ-ਮੇਰੇ ਵਲੋਂ ਅਨੰਦ ਕਾਰਜ ਪ੍ਰਵਾਨ ਹਨ। ਲੜਕਿਆਂ ਨੂੰ ਆਖੋ ਲੜਕੀਆਂ ਆਪਣੇ ਘਰਾਂ ਨੂੰ ਲੈ ਜਾਣ। ਵਾਹ! ਸਤਿਗੁਰੂ-ਹੁਕਮ ਦੀ ਖੇਡ ਹੈ, ਬਿਨਾਂ ਅਨੰਦ ਕਾਰਜ ਰਸਮ-ਸਿਰਫ ਹੁਕਮ ਨਾਲ ਅਨੰਦ ਕਾਰਜ ਹੋ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਇਸੇ ਤਰ੍ਹਾਂ ਕਈ ਅਨੰਦ ਕਾਰਜ ਕਰਵਾਏ। ਆਪ ਜੀ ਦਾ ਹੁਕਮ ਐਸਾ ਵੀ ਹੈ ਕਿ ਮੈਂ ਸ੍ਰੀ ਭੈਣੀ ਸਾਹਿਬ ਬੈਠਾ ਹੋਵਾਂ। ਲੜਕਾ ਇੰਗਲੈਂਡ, ਲੜਕੀ ਥਾਈਲੈਂਡ ਹੋਵੇ। ਮੈਂ ਆਖ ਦਿਆਂ ਅਨੰਦ ਕਾਰਜ ਪ੍ਰਵਾਨ ਹੈ-ਬੱਸ ਇਤਨਾ ਹੀ ਕਾਫੀ ਹੈ-ਅਨੰਦ ਕਾਰਜ ਹੋ ਗਿਆ। ਇਕ ਹੋਰ ਮਿਸਾਲ ਇਸ ਤਰ੍ਹਾਂ ਹੈ। ਸੰਤ ਬਲਵੰਤ ਸਿੰਘ ਸੋਧੀ ਦਾ ਪੋਤਰਾ ਮਨਜੀਤ ਸਿੰਘ (ਸਪੁੱਤਰ ਸੰਤ ਸੇਵਾ ਸਿੰਘ) ਰੂਸ ਦੇਸ਼ ਵਿਖੇ ਡਾਕਟਰੀ ਦੀ ਵਿਦਿਆ ਪ੍ਰਾਪਤ ਕਰ ਰਿਹਾ ਸੀ। ਸਤਿਗੁਰੂ ਜੀ ਸੰਤ ਸੇਵਾ ਸਿੰਘ ਨੂੰ ਹੁਕਮ ਕੀਤਾ-ਮਨਜੀਤ ਸਿੰਘ ਦਾ ਅਨੰਦ ਕਾਰਜ ਮੈਂ ਆਪਣੀ ਇੱਛਾ ਅਨੁਸਾਰ ਕਰਨਾ ਹੈ। ਚੰਡੀਗੜ੍ਹ ਦੇ ਸੰਤ ਬਖਸ਼ੀਸ਼ ਸਿੰਘ ਦੀ ਪੁੱਤਰੀ ਕਿਰਪਾਲ ਕੌਰ ਬਾਰੇ ਉਸਦੇ ਮਾਤਾ ਪਿਤਾ ਨੂੰ ਹੁਕਮ ਕੀਤਾ-ਕਿਰਪਾਲ ਕੌਰ ਦਾ ਅਨੰਦ ਕਾਰਜ ਮੈਂ ਆਪਣੀ ਇੱਛਾ ਅਨੁਸਾਰ ਕਰਨਾ ਹੈ।

14 ਮਈ 1999, ਸਤਿਗੁਰੂ ਜੀ ਦਿੱਲੀ ਦਰਸ਼ਨ ਦਿੱਤੇ। ਪਿਛਲੇ ਪਹਿਰ ਦੇ ਦਿਵਾਨ ਵਿਚ ਇਹ ਲੜਕਾ, ਲੜਕੀ ਸੁਭਾਵਿਕ ਹੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ। ਦੋਨਾਂ ਨੂੰ, ਨ ਆਪਸੀ ਜਾਣਕਾਰੀ, ਨ ਭਿਣਕ ਕਿ ਅੱਜ ਸਾਡਾ ਅਨੰਦ ਕਾਰਜ ਹੋਵੇਗਾ? ਮੱਥਾ ਟੇਕਣ ਵੇਲੇ ਲੜਕਾ, ਲੜਕੀ ਸਤਿਗੁਰੂ ਜੀ ਦੇ ਨੋਟਿਸ ਵਿਚ ਆ ਗਏ। ਦਿਵਾਨ ਦੀ ਸਮਾਪਤੀ ਉਪਰੰਤ ਹੁਕਮ ਕੀਤਾ – ਇਹਨਾਂ ਨੂੰ ਉਪਰ ਕਮਰੇ 'ਚ ਬੁਲਾਉ।

ਕਮਰੇ ਵਿਚ ਸਤਿਗੁਰੂ ਜੀ, ਸੰਤ ਰਛਪਾਲ ਸਿੰਘ ਸੇਵਕ ਤੇ ਲੜਕਾ-ਲੜਕੀ, ਸਿਰਫ ਚਾਰ ਜਣੇ। ਗਰੀਬ ਨਿਵਾਜ਼ ਜੀ ਬਚਨ ਕੀਤਾ-ਹੁਣੇ ਹੀ ਤੁਹਾਡਾ ਅਨੰਦ ਕਾਰਜ ਕਰ ਦੇਣਾ ਹੈ। ਆਪਣੀ ਰੁਮਾਲੀ ਸੇਵਕ ਨੂੰ ਦੇ ਕੇ ਆਖਿਆ-ਗੰਢ-ਚਤਰਾਵਾ ਕਰ ਦਿਉ। ਸਤਿਗੁਰੂ ਜੀ ਆਪ ਅਰਦਾਸ ਕੀਤੀ-ਬੱਸ ਹੋ ਗਿਆ ਅਨੰਦ ਕਾਰਜ। ਉਹੋ ਰੁਮਾਲੀ ਫਿਰ ਲੜਕੇ-ਲੜਕੀ ਨੂੰ ਬਖਸ਼ਿਸ਼ ਕਰ ਦਿੱਤੀ ਜੋ ਕਿ ਉਹਨਾਂ ਫਰੇਮ ਕਰਵਾ ਕੇ ਸੰਭਾਲੀ ਹੋਈ ਹੈ।

ਲੜਕਾ-ਲੜਕੀ ਮਿੰਟਾਂ ਅੰਦਰ ਹੋਏ ਅਨੰਦ ਕਾਰਜ ਲਈ ਅਸਚਰਜ ਹੋਏ ਪਰ ਨਾਲ ਹੀ ਵਡਭਾਗੇ ਸਮਝਣ ਜਿਹਨਾਂ ਦਾ ਅਨੰਦ ਕਾਰਜ ਇਸ ਅਨੋਖੀ ਮਰਯਾਦਾ ਨਾਲ ਸਤਿਗੁਰੂ ਜੀ ਆਪ ਅਰਦਾਸ ਕਰਕੇ ਕੀਤਾ ਹੋਵੇ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ
ਹਰਿ ਪਾਇਆ ਬਲਿ ਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ
ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨ ਦਿਨੁ ਹਰਿ ਲਿਵ ਲਾਈ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ।

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੭੭੪

ਆਦਿ ਅੰਤ ਨ ਮੱਧ ਜਾ ਕੋ

ਸਤਿਗੁਰੂ ਜਗਜੀਤ ਸਿੰਘ ਜੀ ਅਕਾਲ ਪੁਰਖ ਦਾ ਪ੍ਰਤੱਖ ਸਰੂਪ ਹਨ। ਇਹਨਾਂ ਬਾਰੇ ਕੁੱਝ ਜਾਣਿਆ ਜਾ ਸਕਦਾ ਹੈ ਪਰ ਸਾਰਾ ਕੁੱਝ ਜਾਨਣਾ ਮਨੁੱਖੀ ਸਮਝ ਤੋਂ ਪਰ੍ਹੇ ਹੈ।

ਬਨਾਰਸ ਦੇ ਜੋਤਿਸ਼ੀ ਮੰਨੇ ਪ੍ਰਮੰਨੇ ਹਨ। ਉਹਨਾਂ ਸਤਿਗੁਰੂ ਜੀ ਬਾਰੇ ਜੋਤਿਸ਼ ਲਗਾ ਕੇ ਦੱਸਿਆ, ਇਸ ਗੁਰੂ ਦੀਆਂ ਵਿਸ਼ੇਸ਼ ਕਲਾ ਹਨ (1) ਇਹ ਕਿਤੇ ਵੀ ਬੈਠੇ ਹੋਣ, ਬਗੈਰ ਕਿਸੇ ਸਾਧਨ ਦੇ, ਸੰਸਾਰ ਦੀ ਕੋਈ ਵੀ ਗੱਲ ਸੁਣ ਸਕਦੇ ਨੇ। (2) ਇਕੋ ਸਮੇਂ ਜਿੰਨੇ ਸਰੀਰ ਚਾਹੁਣ, ਉਤਨੇ ਸਰੀਰ ਧਾਰਨ ਕਰ ਸਕਦੇ ਨੇ। (3) ਜੋ ਹਸਤ ਰੇਖਾ ਇਹਨਾਂ ਦੇ ਹੱਥਾਂ 'ਤੇ ਹਨ, ਉਹਨਾਂ ਨੂੰ ਜਦੋਂ ਚਾਹੁੰਣ ਬਦਲ ਸਕਦੇ ਨੇ। ਸਰਬ ਕਲਾ ਸਮਰੱਥ ਹਨ।

ਆਦਿ ਅੰਤ ਨ ਮੱਧ ਜਾ ਕੋ ਭੂਤ ਭੱਬ ਭਵਾਨ॥
ਸਤ ਦੁਆਪਰ ਤ੍ਰਿਤੀਆ ਕਲਜੁਗ ਚਤ੍ਰ ਕਾਲ ਪ੍ਰਧਾਨ॥
ਧਿਆਇ ਧਿਆਇ ਥਕੇ ਮਹਾ ਮੁਨਿ ਗਾਇ ਗੰਧ੍ਰਬ ਅਪਾਰ॥
ਹਾਰ ਹਾਰ ਥਕੇ ਸਭੈ ਨਹੀ ਪਾਇਓ ਤਹਿ ਪਾਰ॥

ਗੁਰੂ ਗੋਬਿੰਦ ਸਿੰਘ ਜੀ - ਅਕਾਲ ਉਸਤਤ ॥ ੧੯੯॥

ਗਉੜੀ ਮਹਲਾ ੫

ਗੁਰੂ ਕੀ ਮੂਰਤਿ ਮਨ ਮਹਿ ਧਿਆਨੁ॥
ਗੁਰ ਕੈ ਸਬਦਿ ਮੰਤ੍ਰ ਮਨੁ ਮਾਨ॥
ਗੁਰ ਕੇ ਚਰਨ ਰਿਦੈ ਲੈ ਧਾਰਉ॥
ਗੁਰ ਪਾਰਬ੍ਰਹਮ ਸਦਾ ਨਮਸਕਾਰਉ॥
ਮਤ ਕੋ ਭਰਮਿ ਭੂਲੈ ਸੰਸਾਰਿ॥
ਗੁਰ ਬਿਨ ਕੋਇ ਨ ਉਤਰਸਿ ਪਾਰਿ॥ ਰਹਾਉ॥
ਭੂਲੇ ਕਉ ਗੁਰਿ ਮਾਰਗਿ ਪਾਇਆ॥
ਅਵਰਿ ਤਿਆਗ ਹਰਿ ਭਗਤੀ ਲਾਇਆ॥
ਜਨਮ ਮਰਨ ਕੀ ਤ੍ਰਾਸ ਮਿਟਾਈ॥
ਗੁਰ ਪੂਰੇ ਕੀ ਬੇਅੰਤ ਵਡਾਈ॥
ਗੁਰੁ ਪ੍ਰਸਾਦਿ ਊਰਧ ਕਮਲ ਬਿਗਾਸ॥
ਅੰਧਕਾਰ ਮਹਿ ਭਇਆ ਪ੍ਰਗਾਸ॥
ਜਿਨਿ ਕੀਆ ਸੋ ਗੁਰੁ ਤੇ ਜਾਨਿਆ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ॥
ਗੁਰੁ ਕਰਤਾ ਗੁਰੁ ਕਰਣੈ ਜੋਗੁ॥
ਗੁਰੁ ਪਰਮੇਸਰੁ ਹੈ ਭੀ ਹੋਗੁ॥
ਕਹੁ ਨਾਨਕ ਪ੍ਰਭਿ ਇਹੈ ਜਨਾਈ।
ਬਿਨੁ ਗੁਰ ਮੁਕਤਿ ਨ ਪਾਈਐ ਭਾਈ॥

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਪੰਨਾ ੮੬੪

ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ

—ਕਿਰਪਾਲ ਸਿੰਘ ਸੋਹਲ

ਜਦੋਂ ਦਾ ਸਰੂਪ ਤੇਰਾ ਦਿਲ ਵਿਚ ਬਹਿ ਗਿਆ, ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।
ਦਿਖਾ ਕੇ ਨਜ਼ਾਰੇ ਮੈਨੂੰ ਦਿਲ ਮੇਰਾ ਲੁਟਿਆ, ਝਲਕ ਦਿਖਾ ਕੇ ਸੋਹਣੀ ਮੈਨੂੰ ਮਾਰ ਸੁਟਿਆ।
ਤੇਰਾ ਹੀ ਭਰੋਸਾ ਮੈਨੂੰ ਤੇਰਾ ਹੀ ਮੈਂ ਹੋ ਗਿਆ, ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।

ਨਜ਼ਰਾਂ ਦੇ ਤੀਰਾਂ ਨਾਲ ਕੀਤਾ ਤੂੰ ਦਿਵਾਨਾ ਏਂ, ਮਾਰ ਦਿਤੇ ਪੰਜੇ 'ਕੱਠੇ ਗਜ਼ਬ ਦਾ ਨਿਸ਼ਾਨਾ ਏ।
ਸੁੱਖ ਮੈਨੂੰ ਦਿੱਤੇ ਸਾਰੇ ਦੁੱਖ ਸਾਰੇ ਲੈ ਗਿਆ, ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।

ਪਿਆਰ ਮੇਰੇ ਦਿਲ ਵਿਚ ਸਭ ਤੋਂ ਨਿਆਰਾ ਏਂ, ਸੱਚੀਆਂ ਇਹ ਗੱਲਾਂ ਤੇ ਗੁਪਤ ਇਸ਼ਾਰਾ ਏ।
ਚਰਨਾਂ ਦੇ ਨਾਲ ਤੇਰੇ ਪ੍ਰੇਮ ਏਨਾ ਪੈ ਗਿਆ, ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।

ਪੰਜਾਹ ਵਰ੍ਹੇ ਗੱਦੀ ਉਤੇ ਬੈਠਿਆਂ ਨੂੰ ਹੋ ਗਏ, ਭੈਣੀ ਦੇ ਸ਼ਿੰਗਾਰ ਵੀ ਕਿੰਨੇ ਸੋਹਣੇਂ ਹੋ ਗਏ।
ਰਾਮ ਜੀ ਨੇ ਔਣਾਂ ਕਦੋਂ ਸਮਾਂ ਕਿੰਨਾ ਰਹਿ ਗਿਆ, ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।

ਪਿਆਰ ਮੇਰੇ ਦਿਲ ਵਿਚ ਠਾਠਾਂ ਪਿਆ ਮਾਰਦਾ, ਇਕ ਇਕ ਪਲ ਵਾਂਗ ਸਾਲਾਂ ਦੇ ਗੁਜ਼ਾਰਦਾ।
ਪਤਾ ਨਹੀਂ ਵਿਛੋੜਾ ਇਨਾਂ ਲੰਮਾਂ ਕਿਉਂ ਪੈ ਗਿਆ, ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।

ਸੱਧਰਾਂ ਨਾ ਦਿਲ ਵਿਚ ਹੋਰ ਕੋਈ ਖਾਸ ਹੈ, ਨਿਭ ਜਾਣ ਨਾਲ ਤੇਰੇ ਜਿੰਨੇ ਬਾਕੀ ਸਵਾਸ ਹੈ।
ਸਮਝਾਂਗਾ ਮੁੱਲ ਮੇਰੀ ਜ਼ਿੰਦਗੀ ਦਾ ਪੈ ਗਿਆ, ਮੈਂ ਮੇਰੀ ਮੁੱਕ ਗਈ ਤੂੰ ਹੀ ਤੂੰ ਰਹਿ ਗਿਆ।

ਦੇਖਿਆ ਮੈਂ ਜਗ ਵਿਚ ਤੇਰਾ ਕੋਈ ਸਾਨੀ ਨਾ, ਤੇਰੇ ਬਗੈਰ ਮੇਰਾ ਹੋਰ ਦਿਲ ਜਾਨੀ ਨਾ।
'ਸੋਹਲ' ਨਿਮਾਣਾ ਆਕੇ ਤਾਹੀਓਂ ਏਥੇ ਢਹਿ ਗਿਆ, ਮੈਂ ਮੇਰੀ ਮੁੱਕੀ ਗਈ ਤੂੰ ਹੀ ਤੂੰ ਰਹਿ ਗਿਆ।

ਵੇਖੋ- ਸਬੰਧਿਤ ਸਾਖੀ ਪੰਨਾ 6

ਮਿਲਟਰੀ ਪੁਸਤਕ 'ਚੋਂ ਹਵਾਲਾ

Defence Services Regulations For Army- 1962 Para 332- Observance of Religious Customs

Religious customs and prejudices will be respected. Officers will take special care that none of their acts or of their subordinates wounds the religious feelings of a person or violates the sanctity of any place held sacred

ਅਨੁਵਾਦ

ਧਾਰਮਿਕ ਰੀਤੀ ਰਿਵਾਜ਼ਾਂ ਦੇ ਕਨੂੰਨ ਦੀ ਪਾਲਣਾ

ਧਾਰਮਿਕ ਰੀਤੀ ਰਿਵਾਜ਼ਾਂ ਆਦਿ ਦਾ ਸਨਮਾਨ ਕੀਤਾ ਜਾਵੇ। ਅਧਿਕਾਰੀ ਵਿਸ਼ੇਸ਼ ਧਿਆਨ ਰੱਖਣ ਕਿ ਉਹਨਾਂ ਦਾ, ਜਾਂ ਉਹਨਾਂ ਅਧੀਨ ਕਿਸੇ ਵੀ ਕਰਮਚਾਰੀ ਦਾ, ਕੋਈ ਐਸਾ ਵਿਹਾਰ ਨ ਹੋਵੇ, ਜਿਸ ਨਾਲ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੇ, ਜਾਂ ਪਵਿੱਤਰ ਸਥਾਨ ਨੂੰ ਅਪਵਿੱਤਰ ਕਰਨ ਵਾਲਾ ਦੁਰਵਿਹਾਰ ਨ ਹੋਵੇ।

ਵੇਖੋ- ਸਬੰਧਿਤ ਸਾਖੀ ਪੰਨਾ 9

ਦਸਤਾਰ ਸਜਾਉਣ ਦੀ ਇਜਾਜ਼ਤ

From : No 6645089 Sep/Clk JOGA SINGH
HQ 168 Inf Bde C/o 56 APO

To

OC Troops, HQ 168 Inf Bde C/o 56 APO

Through proper channel.

Sir,

I may please be allowed to wear NAMDHARI pagri on civil dress. This is in accordance with customs of NAMDHARIES. I was permitted to wear the same pagri by OC Trg Bn ASC Centre while I was undergoing trg.

Thanking you.

Yours faithfully,

Sep Joga Singh

(Sep JOGA SINGH)

Dated 11 Nov 68

II

Recommended in terms of DSR [illegible] 332.

Hari Ram
[illegible]
11/11

OC Tps,


Ok

[illegible]

11 Nov 68

ਵੇਖੋ- ਸਬੰਧਿਤ ਸਾਖੀ ਪੰਨਾ 12

ਬੀਬੀ ਕਰਮੀ ਦੀ ਸਤਿਗੁਰੂ ਜੀ ਵੱਲ ਚਿੱਠੀ



ਤ੍ਰਗਤਾ ਚਰਾਚਰ ਬਸ੍ਤ ਤੁਸਾਂ ਤੋਂ ਸੈਂਕੜੇ [illegible] ਸੱਚੇ ਪਾਤਸ਼ਾਹ ਜੀ,

ਮੇਰੀ ਬੇਨਤੀ ਹੈ, ਕਿ, ਨਿਗਾਹ [illegible] ਸੱਚੇ ਪਾਤਸ਼ਾਹ ਜੀ [illegible] ਹੈ,

[illegible] ਸੱਚੇ ਪਾਤਸ਼ਾਹ ਜੀ ਆਪ ਨੇ [illegible]

[illegible] ਜੀ, [illegible] ਸੱਚੇ ਪਾਤਸ਼ਾਹ

[illegible] ਸੱਚੇ ਪਾਤਸ਼ਾਹ ਜੀ [illegible]

[illegible] ਸੱਚੇ ਪਾਤਸ਼ਾਹ [illegible]

[illegible] ਸੱਚੀ [illegible]

ਪਾਤਸ਼ਾਹ ਜੀ [illegible]

[illegible] ਸੱਚੇ ਪਾਤਸ਼ਾਹ ਜੀ [illegible]

[illegible] ਜੀ [illegible]

[illegible]

ਆਪ ਦੀ ਸਿਖਣੀ, ਤੇ

ਨਿਮਾਣੀ [illegible]


ਵੇਖੋ- ਸਬੰਧਿਤ ਸਾਖੀ ਪੰਨਾ 12



ਸੰਤ ਜਮੀਤ ਸਿੰਘ



ਬੀਬੀ ਕਰਮੀ



ਰਵਿੰਦਰ ਸਿੰਘ

ਵੇਖੋ- ਸਬੰਧਿਤ ਸਾਖੀ ਪੰਨਾ 12

ਸ੍ਰੀ ਸਤਿਗੁਰੂ ਜੀ ਵੱਲੋਂ ਬੀਬੀ ਕਰਮੀ ਦੀ ਚਿੱਠੀ ਦਾ ਉੱਤਰ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸ੍ਰੀ [illegible]
ਜ਼ਿਲਾ ਹਿਸਾਰ ।
੧੦ ਭਾਦਰੋਂ ੨੦੨੭
1970

ਸ੍ਰੀ ਮਾਨ ਸੰਤ ਅਜੀਤ ਸਿੰਘ ਜੀ,


ਸੰਤ ਸ੍ਰੀ ਅਕਾਲ। ਆਪ ਜੀ ਦੇ ਪੱਤਰ ਅਨੁਸਾਰ ਸ੍ਰੀ ਸਤਿਗੁਰੂ ਜੀ ਨੇ ਅਰਦਾਸ ਦੇਖਕੇ ਹੁਕਮ ਕੀਤਾ ਸੀ - ਜੋ ੫ ਭਾਦਰੋਂ ੨੦੨੭ ਨੂੰ ਸ੍ਰੀ ਭੈਣੀ ਸਾਹਿਬ ਆਏ [illegible] ਬਾਰੇ ਤੁਸੀਂ ਅਰਦਾਸ ਕੀਤੀ ਹੈ - ਇਸ ਦਾ ਹੁਕਮ ਹੋਇਆ ਹੈ ਕਿ ਆਪ ਜੀ ਦੇ ਘਰੋਂ ਬੀਬੀ [illegible] ਰੋਜ਼ ੧ ਮਾਲਾ ਭਜਨ ਦੀ ਅਤੇ ੫ ਮਾਲਾ ਭਗੌਤੀਆਂ ਦੀ ਫੇਰ ਕੇ ਅਰਦਾਸ ਕਰਿਆ ਕਰੇ ਕਿ ਘਰ [illegible] ਸਿਰੇ ਚੜ੍ਹੇ ਅਤੇ [illegible] ਦਾਸ [illegible] ਹੈ ;

ਦਾਸ. [illegible]
[illegible]

ਵੇਖੋ- ਸਬੰਧਿਤ ਸਾਖੀ ਪੰਨਾ 20

ਸ੍ਰੀ ਸਤਿਗੁਰੂ ਜੀ ਦੀ ਹਸਤ-ਲਿਖਤ ਚਿੱਠੀ

ਦਸਤਖਤ ਸਹਿਤ



ਵੇਖੋ- ਸਬੰਧਿਤ ਸਾਖੀ ਪੰਨਾ 24



ਹੈਦਰਾਬਾਦ-ਫੈਕਟਰੀ ਦਾ ਉਦਘਾਟਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ

ਵੇਖੋ- ਸਬੰਧਿਤ ਸਾਖੀ ਪੰਨਾ 27



ਜੋਧਪੁਰ ਵਿਖੇ ਖੱਬਿਓਂ ਸੱਜੇ- ਕਰਨਲ ਮਹਿੰਦਰ ਸਿੰਘ, ਬ੍ਰਿਗੇਡੀਅਰ
ਅਜੀਤ ਸਿੰਘ, ਸ੍ਰੀ ਸਤਿਗੁਰੂ ਜੀ, ਪੁਰਬਾ ਜੀ, ਏਅਰ ਕਮੋਡਰ ਦਿਲਬਾਗ ਸਿੰਘ,
ਸ. ਹਰਵਿੰਦਰ ਸਿੰਘ ਹੰਸਪਾਲ, ਜਥੇਦਾਰ ਜੋਗਾ ਸਿੰਘ

ਵੇਖੋ- ਸਬੰਧਿਤ ਸਾਖੀ ਪੰਨਾ 30



ਸਵਾਮੀ ਬ੍ਰਹਮਦੇਵ ਸਰਸਵਤੀ, ਸ੍ਰੀ ਸਤਿਗੁਰੂ ਜੀ ਨੂੰ
ਅਲੌਕਿਕ ਦ੍ਰਿਸ਼ ਵਾਲੀ ਲਿਖਤ ਭੇਟ ਕਰ ਨਮਸਕਾਰ ਕਰਦੇ ਹੋਏ,
ਸ੍ਰੀ ਸਤਿਗੁਰੂ ਜੀ ਦੇ ਖੱਬੇ- ਜਥੇਦਾਰ ਜੋਗਾ ਸਿੰਘ

ਵੇਖੋ- ਸਬੰਧਿਤ ਸਾਖੀ ਪੰਨਾ 35



ਸ੍ਰੀ ਸਤਿਗੁਰੂ ਜੀ ਤੋਂ ਰੇਕੀ ਦੀ ਮਾਸਟਰ ਡਿਗਰੀ ਪ੍ਰਾਪਤ ਕਰਦੇ ਹੋਏ,
ਜਥੇਦਾਰ ਜੋਗਾ ਸਿੰਘ

ਵੇਖੋ- ਸਬੰਧਿਤ ਸਾਖੀ ਪੰਨਾ 35



11-09-1998

ਕਰਨਲ ਨਰਿੰਦਰਪਾਲ ਸਿੰਘ ਚੌਹਾਨ, ਸ੍ਰੀ ਸਤਿਗੁਰੂ ਜੀ ਨੂੰ ਭੇਟਾ ਅਰਪਨ ਕਰਦੇ ਹੋਏ। ਪਾਸ ਖੜੇ ਹਨ- ਜਥੇਦਾਰ ਜੋਗਾ ਸਿੰਘ



11-09-1998

ਸ੍ਰੀ ਸਤਿਗੁਰੂ ਜੀ ਕਰਨਲ ਸਾਹਿਬ ਦੀ ਰਹਾਇਸ਼ ਤੋਂ ਵਿਦਾਇਗੀ ਸਮੇਂ

ਵੇਖੋ- ਸਬੰਧਿਤ ਸਾਖੀ ਪੰਨਾ 38



ਸ੍ਰੀ ਸਤਿਗੁਰੂ ਜੀ ਦੇ ਚਰਣ ਕਮਲਾਂ ਦੀ ਫੋਟੋ

ਦਾਨੀ ਸੱਜਣ



ਸੰਤ ਕਿਰਪਾਲ ਸਿੰਘ ਸੋਹਲ
ਦਿੱਲੀ



ਸ. ਕੁਲਦੀਪ ਸਿੰਘ ਸੋਹਲ, ਯੂ.ਕੇ.
(ਸੁਪੱਤਰ ਸੰਤ ਕਿਰਪਾਲ ਸਿੰਘ)



ਸੰਤ ਕਰਤਾਰ ਸਿੰਘ ਅਨੇਜਾ
ਦਿੱਲੀ



ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਸਦਕਾ ਬਚਪਨ ਤੋਂ ਹੀ ਗੁਰ-ਸਿੱਖੀ ਅਸੂਲਾਂ ਦੇ ਧਾਰਨੀ ਹਨ।

ਪੜ੍ਹਾਈ ਦੇ ਸ਼ੌਕ ਸਦਕਾ 23 ਸਾਲ ਦੀ ਡਿਫੈਂਸ ਸਰਵਿਸ ਤੋਂ ਬਾਅਦ ਆਪ ਨੇ "ਕੁਦਰਤੀ ਇਲਾਜ਼ ਦੇ ਡਾਕਟਰ" ਦਾ ਕੋਰਸ ਪਾਸ ਕੀਤਾ ਅਤੇ "ਰੇਕੀ ਮਾਸਟਰ" ਹਨ। ਇੰਗਲੈਂਡ ਤੋਂ 'ਇੰਗਲੀਸ਼ ਲੈਵਲ -ਟੂ ਅਵਾਰਡ' ਦੀ ਪ੍ਰਾਪਤੀ ਤੋਂ ਇਲਾਵਾ ਆਪ ਜੀ ਕੰਪਿਊਟਰ ਵਿਦਿਆ ਤੋਂ ਜਾਣੂੰ ਹਨ।

ਕੀਰਤਨ, ਕਥਾ, ਗੁਰਸਿੱਖੀ ਦਾ ਪ੍ਰਚਾਰ ਇਹਨਾਂ ਦੇ ਜੀਵਨ ਦਾ ਵਿਸ਼ੇਸ਼ ਪਹਿਲੂ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰ-ਗੱਦੀ ਦੇ 50ਵੇਂ ਸੁਭਾਗ ਵਰ੍ਹੇ ਤੇ 50 ਸਾਖੀਆਂ ਵਾਲੀ ਪੁਸਤਕ "ਸਤਿਗੁਰੁ-ਲੀਲ੍ਹਾ" ਲਿਖਣ ਦੀ ਸੇਵਾ ਇਹਨਾਂ ਨੂੰ ਨਿਜੀ ਅਨੁਭਵਾਂ ਦੇ ਆਧਾਰ ਤੇ ਪ੍ਰਾਪਤ ਹੋਈ ਹੈ।

ਆਸ ਹੈ ਪਾਠਕ ਜਨ ਪੁਸਤਕ ਪੜ੍ਹਦੇ ਸਮੇਂ ਰੂਹਾਨੀ ਮੰਡਲ ਦੀਆਂ ਉਡਾਰੀਆਂ ਦਾ ਅਨੰਦ ਲੈ ਸਕਣਗੇ ।